




ਰੋਜ਼ਾਨਾ

ਸੱਚ ਤੇ ਨਿਡਰ ਆਵਾਜ

# ਲੋਕ ਬਾਣੀ

Email : Lokbani08@gmail.com

3 ਅਪ੍ਰੈਲ 2023

ਮੁੱਖ ਸੰਪਾਦਕ : - ਅਮਨ ਮਹਿਰਾ (ਜਲੰਧਰ)

R.N.I. /Punpun/29016/2008/ ● ਸਾਲ : 15 ● ਅੰਕ : 91 ● ਮੁੱਲ : 5.00 ਰੁਪਏ ● ਕੁੱਲ ਪੇਜ : 10 ● ਫੈਕਸ: 0181-2211009, 99155-94111







## ਕੈਨੇਡਾ ਵਿੱਚ ਵਾਪਰੇ ਕਿਸ਼ਤੀ ਹਾਦਸੇ ਵਿੱਚ ਭਾਰਤੀ ਵੀ ਸ਼ਾਮਲ




**ਟੋਰਾਂਟੋ/ਲੋਕ ਬਾਣੀ**

ਕੈਨੇਡਿਆਈ ਪੁਲੀਸ ਦੋ ਹੋਰ ਪਰਵਾਸੀਆਂ ਦੀਆਂ ਲਾਸ਼ਾਂ ਬਰਾਮਦ ਕਰ ਲਈਆਂ ਹਨ, ਜਿਹੜੇ ਕੈਨੇਡਾ ਤੋਂ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕਰਦੇ ਹੋਏ ਸੇਂਟ ਲਾਰੈਂਸ ਨਦੀ ਵਿੱਚ ਡੁੱਬ ਗਏ ਸਨ। ਪੁਲੀਸ ਨੇ ਦੱਸਿਆ ਕਿ ਵੀਰਵਾਰ ਨੂੰ ਪਰਵਾਸੀਆਂ ਨਾਲ ਭਰੀ ਕਿਸ਼ਤੀ ਦੇ ਪਲਟਣ ਦੀ ਘਟਨਾ ਵਿੱਚ ਮ੍ਰਿਤਕਾਂ ਦੀ ਗਿਣਤੀ ਅੱਠ ਹੋ ਗਈ ਹੈ, ਜਿਸ ਵਿੱਚ ਇੱਕ ਭਾਰਤੀ ਪਰਿਵਾਰ ਦੇ ਮੈਂਬਰਾਂ ਵੀ ਸ਼ਾਮਲ ਹਨ। ਅਧਿਕਾਰੀਆਂ ਮੁਤਾਬਕ ਦੋਵੇਂ ਲਾਸ਼ਾਂ ਐਕਵੇਸਨ ਨੇੜੇ ਨਦੀ ਦੇ ਕੰਢੇ ਦਲਦਲ ਵਿੱਚੋਂ ਮਿਲੀਆਂ ਹਨ। ਇੱਕ ਵਿਅਕਤੀ ਹਾਲੇ ਵੀ ਲਾਪਤਾ ਹੈ। ਪੁਲੀਸ ਨੇ ਦੱਸਿਆ ਕਿ ਮ੍ਰਿਤਕ ਇੱਕ ਭਾਰਤੀ ਅਤੇ ਇੱਕ ਰੋਮਾਨਿਆਈ ਪਰਿਵਾਰ ਦੇ ਮੈਂਬਰ ਮੰਨੇ ਜਾਂਦੇ ਹਨ, ਜੋ ਕੈਨੇਡਾ ਤੋਂ ਅਮਰੀਕਾ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕਰ ਰਹੇ ਸਨ। ਇਨਾਂ ਵਿੱਚ ਤਿੰਨ ਸਾਲ ਤੋਂ ਘੱਟ ਉਮਰ ਦੇ ਦੋ ਬੱਚੇ ਵੀ ਸ਼ਾਮਲ ਹਨ ਜੋ ਕੈਨੇਡਿਆਈ ਨਾਗਰਿਕ ਹਨ।

## ਅਸਾਮ ਦੇ ਮੁੱਖ ਮੰਤਰੀ ਨੂੰ ਦਿੱਤੀ ਸਿੱਖਜ਼ ਫਾਰ ਜਸਟਿਸ ਨੇ ਧਮਕੀ



**ਦਿੱਲੀ/ਕਪੂਰ**

ਸਿੱਖਜ਼ ਫਾਰ ਜਸਟਿਸ ਨੇ ਅਸਾਮ ਦੇ ਮੁੱਖ ਮੰਤਰੀ ਹੇਮੰਤ ਬਿਸਵਾ ਨੂੰ ਧਮਕੀ ਦਿੱਤੀ ਹੈ। ਇਸ ਤੋਂ ਇਲਾਵਾ 12 ਪੱਤਰਕਾਰਾਂ ਨੂੰ ਵੀ ਚਿਤਾਵਨੀ ਦਿੱਤੀ ਗਈ ਹੈ।

## ਬਿਹਾਰ ਹਿੰਸਾ ਮਾਮਲੇ ਵਿੱਚ 100 ਨੂੰ ਲਿਆ ਗਿਆ ਹਿਰਾਸਤ ਵਿੱਚ

**ਪਟਨਾ/ਲੋਕ ਬਾਣੀ**

ਬਿਹਾਰ ਦੇ ਪੰਜ ਜ਼ਿਲਿਆਂ ਵਿਚ ਰਾਮ ਨੌਮੀ ਦੀ ਸ਼ੋਭਾ ਯਾਤਰਾ ਮੌਕੇ ਹਿੰਸਕ ਝੜਪ ਹੋਈ ਹੈ। ਇਸ ਸਬੰਧੀ ਹਾਲੇ ਵੀ ਬਿਹਾਰ ਵਿਚ ਤਣਾਅ ਹੈ ਤੇ ਪੁਲੀਸ ਨੇ ਨਾਲੰਦਾ, ਸਾਸਾਰਾਮ ਤੇ ਬਿਹਾਰ ਸ਼ਰੀਫ ਵਿਚੋਂ ਸੌ ਤੋਂ ਵਧ ਜਣਿਆਂ ਨੂੰ ਹਿਰਾਸਤ ਵਿਚ ਲਿਆ ਹੈ ਤੇ ਬਿਹਾਰਸ਼ਰੀਫ ਵਿਚ ਧਾਰਾ 144 ਲਾ ਦਿੱਤੀ ਹੈ। ਦੂਜੇ ਪਾਸੇ ਹਾਲਾਤ ਬਿਗੜਨ ਕਾਰਨ ਸੀਆਰਪੀਐਫ, ਐਸਐਸਬੀ ਤੇ ਆਈਟੀਬੀਪੀ ਦੀਆਂ 10 ਪੈਰਾਮਿਲਟਰੀ ਕੰਪਨੀਆਂ ਬਿਹਾਰ ਭੇਜੀਆਂ ਗਈਆਂ ਹਨ।




## ਉਤਰਾਖੰਡ 'ਚ ਬੱਸ ਡਿੱਗੀ ਖੱਡ ਵਿੱਚ, ਮਾਂ-ਧੀ ਦੀ ਮੌਤ



**ਦੇਹਰਾਦੂਨ/ਲੋਕ ਬਾਣੀ**

ਮਸੂਰੀ ਤੋਂ ਦੇਹਰਾਦੂਨ ਜਾ ਰਹੀ ਉਤਰਾਖੰਡ ਰੋਡਵੇਜ਼ ਦੀ ਬੱਸ ਖੱਡ ਵਿੱਚ ਡਿੱਗਣ ਕਾਰਨ 38 ਸਵਾਰੀਆਂ ਫੱਟੜ ਹੋ ਗਈਆਂ ਜਦੋਂ ਕਿ ਮਾਂ ਤੇ ਧੀ ਦੀ ਮੌਤ ਹੋ ਗਈ। ਪੁਲੀਸ ਨੇ ਦੱਸਿਆ ਕਿ ਡਰਾਈਵਰ ਤੋਂ ਬੱਸ ਬੇਕਾਬੂ ਹੋ ਜਾਣ ਕਾਰਨ ਇਹ ਹਾਦਸਾ ਆਈਟੀਬੀਪੀ ਦੇ ਕੈਂਪ ਨੇੜੇ ਵਾਪਰਿਆ। ਜ਼ਖ਼ਮੀਆਂ ਨੂੰ 70 ਮੀਟਰ ਡੂੰਘੀ ਖੱਡ ਵਿੱਚੋਂ ਬਾਹਰ ਕੱਢ ਕੇ ਹਸਪਤਾਲ ਪਹੁੰਚਾਇਆ ਗਿਆ ਜਿੱਥੇ ਤਿੰਨ ਜਣਿਆਂ ਦੀ ਹਾਲਤ ਗੰਭੀਰ ਬਣੀ ਹੋਈ ਹੈ।

## ਬਜੁਰਗ ਭਾਰਤੀ ਕ੍ਰਿਕਟਰ ਸਲੀਮ ਦੁਰਾਨੀ ਦੀ ਹੋਈ ਮੌਤ



**ਜਾਮਨਗਰ/ਲੋਕ ਬਾਣੀ**

ਭਾਰਤੀ ਕ੍ਰਿਕਟਰ ਸਲੀਮ ਦੁਰਾਨੀ ਦਾ 88 ਸਾਲ ਦੀ ਉਮਰ ਵਿਚ ਦੇਹਾਂਤ ਹੋ ਗਿਆ। ਉਨਾਂ ਨੇ ਗੁਜਰਾਤ ਦੇ ਜਾਮਨਗਰ ਵਿਚ ਆਖਰੀ ਸਾਹ ਲਏ। ਉਨਾਂ ਸੱਠ ਦੇ ਦਹਾਕੇ ਵਿਚ ਕ੍ਰਿਕਟ ਵਿਚ ਨਾਮਣਾ ਖੱਟਿਆ। ਕਾਬੁਲ ਦੇ ਜਨਮੇ ਦੁਰਾਨੀ ਨੇ ਭਾਰਤ ਵਲੋਂ 29 ਟੈਸਟ ਮੈਚ ਖੇਡੇ ਤੇ ਉਹ ਆਪਣੀ ਦਿੱਖ ਤੇ ਕੱਪੜਿਆਂ ਦੀ ਸ਼ੌਕੀਨੀ ਕਰ ਕੇ ਵੀ ਜਾਣੇ ਜਾਂਦੇ ਸਨ।

## ਭਿਆਨਕ ਸੜਕ ਹਾਦਸੇ ਦੌਰਾਨ 3 ਦੀ ਹੋਈ ਮੌਤ

**ਹੁਸ਼ਿਆਰਪੁਰ/ਲੋਕ ਬਾਣੀ**

ਅੱਜ ਬਾਅਦ ਦੁਪਹਿਰ ਹੁਸ਼ਿਆਰਪੁਰ-ਫਗਵਾੜਾ ਮਾਰਗ 'ਤੇ ਸਥਿਤ ਪਿੰਡ ਸਿੰਬਲੀ ਨਜ਼ਦੀਕ ਵਾਪਰੇ ਦਰਦਨਾਕ ਸੜਕ ਹਾਦਸੇ




'ਚ ਇੱਕੋ ਪਰਿਵਾਰ ਦੇ ਤਿੰਨ ਜੀਆਂ ਦੀ ਮੌਕੇ 'ਤੇ ਮੌਤ ਹੋ ਗਈ। ਜਾਣਕਾਰੀ ਅਨੁਸਾਰ ਤਰਸੇਮ ਲਾਲ ਤੇ ਉਸ ਦੀ ਪਤਨੀ ਚਰਨਜੀਤ ਕੌਰ ਆਪਣੇ ਲੜਕੇ ਸੰਨੀ ਕੁਮਾਰ ਵਾਸੀਆਨ ਪਿੰਡ ਅਜੜਾਮ ਨਾਲ ਐਕਟਿਵਾ 'ਤੇ ਸਵਾਰ ਹੋ ਕੇ ਫਗਵਾੜਾ ਵੱਲ ਜਾ ਰਹੇ ਸਨ ਤੇ ਜਦੋਂ ਉਹ ਪਿੰਡ ਸਿੰਬਲੀ ਨਜ਼ਦੀਕ ਪਹੁੰਚੇ ਤਾਂ ਕਿਸੇ ਅਣਪਛਾਤੇ ਵਾਹਨ ਨੇ ਉਨਾਂ ਨੂੰ ਜ਼ਬਰਦਸਤ ਟੱਕਰ ਮਾਰ ਦਿੱਤੀ ਜਿਸ ਦੇ ਚੱਲਦਿਆਂ ਤਿੰਨਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ।

## ਭੂਚਾਲ ਨੇ ਹਿਲਾਇਆ ਮੱਧ ਪ੍ਰਦੇਸ਼

**ਭੋਪਾਲ/ਲੋਕ ਬਾਣੀ**

ਮੱਧ ਪ੍ਰਦੇਸ਼ ਦੇ ਪਚਮੜੀ ਤੋਂ 1100 ਘੰਟੇ 218 ਕਿਲੋਮੀਟਰ ਪੂਰਬ-ਉੱਤਰ-ਪੂਰਬ 'ਚ ਅੱਜ ਭੂਚਾਲ ਦੇ ਝਟਕੇ ਮਹਿਸੂਸ ਕੀਤੇ ਗਏ। ਭੂਚਾਲ ਵਿਗਿਆਨ ਲਈ ਰਾਸ਼ਟਰੀ ਕੇਂਦਰ ਅਨੁਸਾਰ ਰਿਕਟਰ ਪੈਮਾਨੇ 'ਤੇ ਭੂਚਾਲ ਦੀ ਤੀਬਰਤਾ 3.6 ਮਾਪੀ ਗਈ।

## ਪੰਜਾਬ ਪੁਲਿਸ ਵਾਲੇ ਦੀ ਫਾੜੀ ਵਰਦੀ

**ਜਲੰਧਰ/ਹਰਬੰਸ ਬਿੱਟੂ**

ਫਿਲੌਰ ਪੰਜਾਬ ਪੁਲਿਸ ਅਕੈਡਮੀ ਵਿਚ ਟਰੈਨਿੰਗ 'ਤੇ ਆਏ ਸੀਨੀਅਰ ਸਿਪਾਹੀ 'ਤੇ ਇਕ ਨੌਜਵਾਨ ਵਲੋਂ ਹਮਲਾ ਕਰਕੇ ਵਰਦੀ ਦੀ ਖਿੱਚ ਧੂਹ ਅਤੇ ਉਸ ਕੋਲੋਂ ਐਸ.ਐਲ.ਆਰ. ਅਸਲਾ ਖੋਹਣ ਦੀ ਕੋਸ਼ਿਸ਼ ਕੀਤੀ ਗਈ। ਪੁਲਿਸ ਮੁਲਾਜ਼ਮ ਪਰਮਜੀਤ ਸਿੰਘ ਵਲੋਂ ਐਮ.ਐਲ.ਆਰ. ਕਰਵਾ ਦਿੱਤੀ ਗਈ ਹੈ ਤੇ ਥਾਣਾ ਫਿਲੌਰ ਦੀ ਪੁਲਿਸ ਵਲੋਂ ਬਿਆਨ ਲੈ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।ਨੌਜਵਾਨ ਫ਼ਰਾਰ ਦੱਸਿਆ ਜਾ ਰਿਹਾ ਹੈ।

## ਇਕ ਹੋਰ ਨੌਜਵਾਨ ਦੀ ਨਸ਼ੇ ਕਾਰਨ ਹੋਈ ਮੌਤ

**ਕਪੂਰਥਲਾ/ਅਸ਼ੋਕ**

ਇਕ ਨੌਜਵਾਨ ਦੀ ਨਸ਼ੇ ਦੀ ਕਥਿਤ ਤੌਰ 'ਤੇ ਵੱਧ ਮਾਤਰਾ ਲੈਣ ਨਾਲ ਮੌਤ ਹੋ ਜਾਣ ਦਾ ਸਮਾਚਾਰ ਹੈ। ਥਾਣਾ ਸਿਟੀ ਦੇ ਏ.ਐਸ.ਆਈ. ਬਲਦੇਵ ਸਿੰਘ ਨੇ ਦੱਸਿਆ ਕਿ 26 ਸਾਲਾ ਨੌਜਵਾਨ ਬਲਜੀਤ ਸਿੰਘ ਵਾਸੀ ਮੁਹੱਲਾ ਮਹਿਤਾਬਗੜ ਨੂੰ ਕਥਿਤ ਤੌਰ 'ਤੇ ਨਸ਼ੇ ਦੀ ਵੱਧ ਮਾਤਰਾ ਲੈਣ ਕਾਰਨ ਸਿਵਲ ਹਸਪਤਾਲ ਜਲੰਧਰ ਦਾਖਲ ਕਰਵਾਇਆ ਗਿਆ ਸੀ, ਜਿਥੇ ਉਸਦੀ ਮੌਤ ਹੋਣ 'ਤੇ ਉਸ ਦੀ ਮ੍ਰਿਤਕ ਦੇਹ ਨੂੰ ਸਿਵਲ ਹਸਪਤਾਲ ਕਪੂਰਥਲਾ ਦੇ ਮੁਰਦਾ ਘਰ 'ਚ ਰਖਵਾ ਦਿੱਤਾ ਗਿਆ ਹੈ। ਪੋਸਟਮਾਰਟਮ ਤੋਂ ਬਾਅਦ ਮ੍ਰਿਤਕ ਦੇਹ ਵਾਰਸਾਂ ਹਵਾਲੇ ਕਰ ਦਿੱਤੀ ਜਾਵੇਗੀ।




JSDC GROUP

ਜਲੰਧਰ ਸਕਿਲ ਡਿਵੈਲਪਮੈਂਟ ਕਾਰਪੋਰੇਸ਼ਨ ®

178, ਪੁਲਿਸ ਲਾਈਨ ਰੋਡ, ਰਣਜੀਤ ਨਗਰ, ਜਲੰਧਰ - ਇੰਡੋ ਕੈਨੇਡੀਅਨ ਬੱਸ ਦਫਤਰ ਦੇ ਨੇੜੇ

82880 21797
82880 21798

ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਤੋਂ ਮਾਨਤਾ ਪ੍ਰਾਪਤ ਭਰਤੀ ਏਜੰਸੀ | ਲਾਇਸੰਸ ਨੰ: B-1303/PUN/PER/1000+/5/9437/2018

WWW.JSDCGROUP.COM

ਦੁਬਈ, ਕੁਵੈਤ ਅਤੇ ਯੂਰਪ ਦੇ ਦੇਸ਼ਾਂ ਵਿੱਚ ਵਰਕ ਪਰਮਿਟ ਦੀ ਜਾਣਕਾਰੀ ਲਈ ਅੱਗੇ ਦਿੱਤੇ ਨੰਬਰਾਂ 'ਤੇ ਕਾਲ ਕਰੋ ਜਾਂ ਸਾਡੇ ਫੇਸਬੁੱਕ, ਇੰਸਟਾਗ੍ਰਾਮ, ਲਿੰਕਡਇਨ, ਯੂਟਿਊਬ ਅਤੇ ਟਵਿੱਟਰ ਅਕਾਊਂਟਸ ਨੂੰ ਫਾਲੋ ਕਰੋ

JSDC GROUP - INDIA

ਪੱਤਰਕਾਰਾਂ ਲਈ ਸੁਨਹਿਰਾ ਮੌਕਾ

ਪੰਜਾਬ ਦੇ ਹਰ ਜਿਲੇ ਤੋਂ ਰੋਜਾਨਾ ਲੋਕ ਬਾਣੀ ਅਖਬਾਰ ਲਈ ਪੱਤਰਕਾਰਾਂ ਦੀ ਲੋੜ ਹੈ। ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫ਼ਤਰ

ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਕੀ ਜਲੰਧਰ 'ਚ ਗੈਰ-ਕਾਨੂੰਨੀ ਕਲੋਨੀਆਂ 'ਤੇ ਬਿਲਡਿੰਗਾਂ 'ਤੇ ਕਾਰਵਾਈ ਕਰਕੇ ਅਫਸਰਾਂ ਦੇ ਸਿਰਫ਼ ਰੇਟ ਵੱਧ ਰਹੇ ਨੇ ?

**ਜਲੰਧਰ/ਲੋਕ ਬਾਣੀ**

ਜਲੰਧਰ ਵਿੱਚ ਨਾਜਾਇਜ਼ ਕਲੋਨੀਆਂ ਤੇ ਉਸਾਰੀਆਂ 'ਤੇ ਕਾਰਵਾਈ ਸਿਰਫ਼ ਦਿਖਾਵੇ ਲਈ ਕੀਤੀ ਜਾ ਰਹੀ ਹੈ। ਰਾਮਾਮੰਡੀ ਇਲਾਕੇ ਵਿੱਚ ਬਣੀਆਂ ਨਾਜਾਇਜ਼ ਕਲੋਨੀਆਂ ਵਿੱਚ ਮੁੜ ਸੜਕ ਅਤੇ ਸੀਵਰੇਜ ਪਾਉਣ ਦਾ ਕੰਮ ਸ਼ੁਰੂ ਹੋ ਗਿਆ ਹੈ, ਜਿਸ ਸਬੰਧੀ ਕਾਰਵਾਈ ਕੀਤੀ ਜਾ ਰਹੀ ਹੈ। ਪੰਜਾਬ ਵਿੱਚ ਪੱਕੀ ਇਮਾਨਦਾਰ ਸਰਕਾਰ ਵਿੱਚ ਉਨਾਂ ਦੇ ਅਧਿਕਾਰੀ ਹੀ ਬੇਈਮਾਨੀ 'ਤੇ ਉਤਰ ਆਏ ਹਨ। ਤਾਜ਼ਾ ਮਾਮਲਾ ਰਾਮਾਮੰਡੀ ਇਲਾਕੇ ਦਾ ਹੈ। ਜਿੱਥੇ ਕਾਂਗਰਸ ਸਰਕਾਰ ਵੇਲੇ 10 ਦੇ ਕਰੀਬ ਗੈਰ-ਕਾਨੂੰਨੀ ਕਲੋਨੀਆਂ ਬਣਨੀਆਂ ਸ਼ੁਰੂ ਹੋ ਗਈਆਂ ਸਨ, ਜੋ ਅਜੇ ਵੀ ਬਣ ਰਹੀਆਂ ਹਨ। ਨਗਰ ਨਿਗਮ ਦੇ



ਏ.ਟੀ.ਪੀ ਸੁਖਦੇਵ ਵਸ਼ਿਸ਼ਠ ਤਾਂ ਆਪਣੀਆਂ ਕਾਰਵਾਈਆਂ ਤੋਂ ਬਾਅਦ ਸੁਰਖੀਆਂ 'ਚ ਹਨ ਪਰ ਉਹ ਜਿਸ ਥਾਂ 'ਤੇ ਕਾਰਵਾਈ ਕਰਦੇ ਹਨ, ਅਗਲੇ ਦਿਨ ਤੋਂ ਹੀ ਕੰਮ ਸ਼ੁਰੂ ਹੋ ਜਾਂਦਾ ਹੈ।

ਇਸ ਤੋਂ ਪਹਿਲਾਂ ਜਿੱਥੇ ਵੀ ਸੁਖਦੇਵ ਵਸ਼ਿਸ਼ਟ ਨੇ ਅਦਾਕਾਰੀ ਕੀਤੀ ਹੈ, ਉਸ ਨੂੰ ਅਜੋਕੇ ਸਮੇਂ ਵਿੱਚ ਮੁੜ ਸਿਰਜਿਆ ਗਿਆ ਹੈ। ਚਾਹੇ ਉਹ ਰੈਂਕ ਬਜ਼ਾਰ ਦੇ ਅੰਦਰ ਕਾਲੋਨਾਈਜ਼ਰ ਯਸ਼ ਖੰਨਾ ਦੀਆਂ 100 ਦੁਕਾਨਾਂ ਹੋਣ ਜਾਂ ਗੋਪਾਲ ਨਗਰ ਦੇ ਬੱਤਰਾ ਪੈਲੇਸ ਦੀਆਂ ਗੈਰ-ਕਾਨੂੰਨੀ 20 ਦੁਕਾਨਾਂ। ਚਾਹੇ ਉਹ ਲਾਡੋਵਾਲੀ ਰੋਡ 'ਤੇ ਕੀਰਤੀ ਨਗਰ ਰੇਲਵੇ ਫਾਟਕ ਦੀ ਵਪਾਰਕ ਉਸਾਰੀ ਹੋਵੇ ਜਾਂ ਪ੍ਰਤਾਪ ਬਾਗ ਦੀਆਂ ਨਾਜਾਇਜ਼ ਦੁਕਾਨਾਂ। ਫਗਵਾੜਾ ਗੇਟ ਮਾਰਕੀਟ ਵਿੱਚ ਬਣੀਆਂ 200 ਤੋਂ ਵੱਧ ਦੁਕਾਨਾਂ ਨੂੰ ਗੈਰ-ਕਾਨੂੰਨੀ ਦੱਸ ਕੇ ਨੋਟਿਸ ਜਾਰੀ ਕਰਕੇ ਕੋਈ ਕਾਰਵਾਈ ਕਿਉਂ ਨਹੀਂ ਕੀਤੀ ਗਈ ?

ਨਗਰ ਨਿਗਮ ਦੇ ਸੂਤਰ ਕਹਿ ਰਹੇ ਹਨ ਕਿ ਇਹ ਕਾਰਵਾਈ ਸਿਰਫ਼ ਦਬਾਅ ਬਣਾਉਣ ਲਈ ਕੀਤੀ ਜਾ ਰਹੀ ਹੈ। ਇਸ ਤੋਂ ਬਾਅਦ ਸਬੰਧਤ ਅਧਿਕਾਰੀਆਂ ਅਤੇ ਕਲੋਨਾਈਜ਼ਰ ਅਤੇ ਬਿਲਡਰਾਂ ਵਿਚਕਾਰ ਮੀਟਿੰਗ ਹੁੰਦੀ ਹੈ ਅਤੇ ਫਿਰ ਸਭ ਕੁਝ ਠੀਕ ਹੋ ਜਾਂਦਾ ਹੈ। ਜਿਸ ਕਾਰਨ ਜਿਨਾਂ ਥਾਵਾਂ 'ਤੇ ਕਾਰਵਾਈ ਹੁੰਦੀ ਹੈ, ਉਥੇ ਕੁਝ ਹੀ ਦਿਨਾਂ ਵਿੱਚ ਮੁੜ ਉਸਾਰੀ ਸ਼ੁਰੂ ਹੋ ਜਾਂਦੀ ਹੈ।

## CM ਮਾਨ ਅਖ਼ਬਾਰੀ ਸੀਐਮ, ਪੰਜਾਬ 'ਚ ਰਾਸ਼ਟਰਪਤੀ ਸ਼ਾਸਨ ਲਗਾਉਣਾ ਚਾਹੁੰਦੀ ਹੈ ਕੇਂਦਰ- ਨਵਜੋਤ ਸਿੱਧੂ

**ਚੰਡੀਗੜ੍ਹ/ਵਿਨੋਦ ਸ਼ਰਮਾ**

ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਜੇਲ ਤੋਂ ਰਿਹਾਅ ਹੋ ਗਏ ਹਨ। ਸਿੱਧੂ 317 ਦਿਨਾਂ ਬਾਅਦ ਪਟਿਆਲਾ ਕੇਂਦਰੀ ਜੇਲ ਤੋਂ ਬਾਹਰ ਆਏ ਹਨ। 1988 ਵਿੱਚ ਪਟਿਆਲਾ ਵਿੱਚ ਰੋਡ ਰੇਜ ਕੇਸ ਵਿੱਚ ਉਸ ਨੂੰ ਇੱਕ ਸਾਲ ਦੀ ਸਜ਼ਾ ਹੋਈ ਸੀ। ਉਸ ਨੂੰ ਸੁਪਰੀਮ ਕੋਰਟ ਨੇ 19 ਮਈ 2022 ਨੂੰ ਸਜ਼ਾ ਸੁਣਾਈ ਸੀ। ਸਿੱਧੂ ਨੇ ਜੇਲ ਤੋਂ ਬਾਹਰ ਆਉਂਦਿਆਂ ਹੀ ਆਪਣੇ ਸਮਰਥਕਾਂ ਨੂੰ ਮੁੱਠੀ ਭਰ ਕੇ ਸਲਾਮੀ ਦਿੱਤੀ। ਉਨਾਂ ਰਾਹੁਲ



ਗਾਂਧੀ ਨੂੰ ਕ੍ਰਾਂਤੀਕਾਰੀ ਕਿਹਾ। ਇਸ ਦੇ ਨਾਲ ਹੀ ਪੰਜਾਬ ਦੇ ਸੀਐਮ ਭਗਵੰਤ ਮਾਨ ਨੂੰ ਅਖਬਾਰੀ ਸੀ.ਐਮ. ਕਿਹਾ। ਸਿੱਧੂ ਨੇ ਦੋਸ਼ ਲਾਇਆ ਕਿ ਕੇਂਦਰ ਸਰਕਾਰ ਅਮਨ-ਕਾਨੂੰਨ ਦੇ ਬਹਾਨੇ ਪੰਜਾਬ ਵਿੱਚ ਰਾਸ਼ਟਰਪਤੀ ਰਾਜ ਲਗਾਉਣਾ ਚਾਹੁੰਦੀ ਹੈ। ਰਾਹੁਲ ਗਾਂਧੀ ਦੀ ਲੋਕ ਸਭਾ ਮੈਂਬਰਸ਼ਿਪ ਰੱਦ ਕਰਨ 'ਤੇ ਸਿੱਧੂ ਨੇ ਕਿਹਾ- ਅੱਜ ਲੋਕਤੰਤਰ ਜ਼ੰਜੀਰਾਂ 'ਚ ਹੈ। ਅਦਾਰੇ ਗੁਲਾਮ ਹਨ। ਜਦੋਂ ਵੀ ਇਸ ਦੇਸ਼ ਵਿੱਚ ਤਾਨਾਸ਼ਾਹੀ ਆਈ ਹੈ, ਇਨਕਲਾਬ ਵੀ ਆਇਆ ਹੈ। ਰਾਹੁਲ ਗਾਂਧੀ ਇੱਕ ਅਜਿਹਾ ਇਨਕਲਾਬ ਹੈ ਜੋ ਕੇਂਦਰ ਸਰਕਾਰ ਦੀਆਂ ਜੜ੍ਹਾਂ ਹਿਲਾ ਦੇਵੇਗਾ। ਰਾਹੁਲ ਗਾਂਧੀ ਅਤੇ ਪ੍ਰਿਅੰਕਾ ਗਾਂਧੀ ਦੇ ਪੁਰਖਿਆਂ ਨੇ ਦੇਸ਼ ਨੂੰ ਆਜ਼ਾਦ ਕਰਵਾਇਆ ਹੈ।

## ਦਿੱਲੀ ਏਅਰਪੋਰਟ 'ਤੇ ਪੂਰੀ ਐਮਰਜੈਂਸੀ ਦਾ ਐਲਾਨ, ਜਾਣੋ ਕੀ ਹੈ ਕਾਰਨ ?

**ਦਿੱਲੀ/ਲੋਕ ਬਾਣੀ**

ਦਿੱਲੀ ਏਅਰਪੋਰਟ 'ਤੇ ਪੂਰੀ ਐਮਰਜੈਂਸੀ ਘੋਸ਼ਿਤ ਕਰ ਦਿੱਤੀ ਗਈ ਹੈ। ਦੁਬਈ ਜਾ ਰਹੇ FedEx ਜਹਾਜ਼ ਦੇ ਟੇਕ-ਆਫ ਦੇ ਤੁਰੰਤ ਬਾਅਦ ਇੱਕ ਪੰਛੀ ਨਾਲ ਟਕਰਾਉਣ ਕਾਰਨ ਦਿੱਲੀ ਹਵਾਈ ਅੱਡੇ 'ਤੇ ਪੂਰੀ ਐਮਰਜੈਂਸੀ ਘੋਸ਼ਿਤ ਕਰ ਦਿੱਤੀ ਗਈ ਹੈ। ਹਵਾਈ ਅੱਡੇ ਦੇ ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ।

ਇਸ ਤਹਿਤ ਐਂਬੂਲੈਂਸ, ਫਾਇਰ ਬ੍ਰਿਗੇਡ ਆਦਿ ਨੂੰ ਬੁਲਾਇਆ ਗਿਆ ਹੈ। ਜਾਣਕਾਰੀ ਮੁਤਾਬਕ FedEx ਜਹਾਜ਼ ਉਡਾਣ ਭਰਨ ਤੋਂ ਬਾਅਦ ਇੱਕ ਪੰਛੀ ਨਾਲ ਟਕਰਾ ਗਿਆ। ਇਸ ਕਾਰਨ ਐਮਰਜੈਂਸੀ ਲੈਂਡਿੰਗ ਹੋ ਰਹੀ ਹੈ। ਅਜਿਹੇ 'ਚ ਏਅਰਪੋਰਟ ਪ੍ਰਸ਼ਾਸਨ ਨੇ ਪੂਰੀ ਐਮਰਜੈਂਸੀ ਘੋਸ਼ਿਤ ਕਰ ਦਿੱਤੀ ਹੈ, ਤਾਂ ਜੋ ਕਿਸੇ ਵੀ ਸਥਿਤੀ ਨਾਲ ਨਜਿੱਠਿਆ ਜਾ ਸਕੇ।



# ਪੇਂਡੂ ਮਜ਼ਦੂਰ ਯੂਨੀਅਨ ਵਲੋਂ ਮੁਜ਼ਾਹਰਾ ਛੱਪੜ ਦੀ ਜਗਾ ਉੱਪਰ ਹਾਈਵੇ ਕੱਢਣ ਦਾ ਹੋਵੇਗਾ ਤਿੱਖਾ ਵਿਰੋਧ: ਪਿੰਡ ਵਾਸੀ

**ਕਰਤਾਰਪੁਰ/ਲੋਕ ਬਾਣੀ**

ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੀ ਅਗਵਾਈ ਹੇਠ ਕਰਤਾਰਪੁਰ ਤੋਂ ਕਪੂਰਥਲਾ ਰੋਡ ਉੱਤੇ ਸਥਿਤ ਪਿੰਡ ਬੱਖੂ ਨੰਗਲ ਕਲੋਨੀ ਵਿਖੇ ਪੇਂਡੂ ਮਜ਼ਦੂਰਾਂ ਵਲੋਂ ਮੁਜ਼ਾਹਰਾ ਕਰਕੇ ਮੰਗ ਕੀਤੀ ਗਈ ਕਿ ਕਲੋਨੀ ਦੇ ਘਰਾਂ ਦੇ ਗੰਦੇ ਪਾਣੀ ਲਈ ਬੰਦ ਨਿਕਾਸੀ ਸੀਵਰੇਜ ਨੂੰ ਚਾਲੂ ਕਰਵਾ ਕੇ ਲੋਕਾਂ ਦੀ ਇਸ ਸਮੱਸਿਆ ਤੋਂ ਨਿਜਾਤ ਦਿਵਾਈ ਜਾਵੇ ਨਹੀਂ ਤਾਂ ਇਸਦੇ ਖਿਲਾਫ਼ ਸੰਘਰਸ਼ ਤੇਜ਼ ਕਰਨ ਲਈ ਮਜ਼ਬੂਰ ਹੋਵਾਂਗੇ

ਇਸ ਮੌਕੇ ਪਿੰਡ ਵਾਸੀਆਂ ਨੇ ਦੱਸਿਆ ਕਿ ਬਦਲਾਅ ਦਾ ਨਾਹਰਾ ਦੇ ਕੇ ਸੱਤਾ ਵਿੱਚ ਆਈ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਨੂੰ ਵੀ ਸੱਤਾ ਵਿੱਚ ਆਈ ਨੂੰ ਇੱਕ ਸਾਲ ਤੋਂ ਉੱਪਰ ਹੋ ਗਿਆ ਲੇਕਿਨ ਘਰਾਂ ਦੇ ਗੰਦੇ ਪਾਣੀ ਦੇ ਨਿਕਾਸ ਵਾਸਤੇ ਠੱਪ ਪਏ ਸੀਵਰੇਜ ਨੂੰ ਚਾਲੂ ਨਹੀਂ ਕਰਵਾਇਆ ਜਾ ਸਕਿਆ

ਜਿਸ ਕਾਰਨ ਗੰਦਾ ਪਾਣੀ ਗਲੀਆਂ,ਮੁੱਖ ਸੜਕ ਵਿੱਚ ਖੜਾ ਨਗਰ ਵਾਸੀਆਂ ਅਤੇ ਨਿੱਤ ਦਿਨ ਕਰਤਾਰਪੁਰ,ਕਪੂਰਥਲਾ ਨੂੰ ਆਉਣ ਜਾਣ ਵਾਲੇ ਰਾਹਗੀਰਾਂ ਲਈ ਪ੍ਰੇਸ਼ਾਨੀਆਂ ਪੈਦਾ ਕਰ ਰਿਹਾ ਹੈ ਅਤੇ ਗਲੀਆਂ,ਸੜਕ ਚ ਖੜਾ ਇਹ ਗੰਦਾ ਪਾਣੀ



ਭਿਆਨਕ ਬੀਮਾਰੀਆਂ ਨੂੰ ਜਨਮ ਦੇਵੇਗਾ

ਇਸ ਸਮੇਂ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਤਹਿਸੀਲ ਆਗੂ ਪਰਮਜੀਤ ਕੌਰ ਮੀਕੋ ਤੇ ਜਸਵੀਰ ਗੋਰਾ ਨੇ ਕਿਹਾ ਕਿ ਪੰਚਾਇਤ ਅਤੇ ਪੰਚਾਇਤ ਵਿਭਾਗ ਵਲੋਂ ਇਸ ਸਮੱਸਿਆ ਦਾ ਹੱਲ ਕਰਨ ਦੀ ਥਾਂ ਇਸ ਗੰਦੇ ਦੇ ਨਿਕਾਸ ਲਈ ਪਿੰਡ ਬਿਸ਼ਰਾਮਪੁਰ ਦੇ ਬੱਸ ਅੱਡਾ ਨੇੜੇ ਛੱਪੜ ਨੂੰ ਹਾਈਵੇ ਕੱਢਣ ਲਈ ਵੇਚ ਦਿੱਤਾ ਗਿਆ, ਜਿਸ ਕਾਰਨ ਲੋਕਾਂ ਦੀ ਸਮੱਸਿਆ ਹੱਲ ਹੋਣ ਦੀ ਥਾਂ ਇਹ ਸਮੱਸਿਆ ਹੋਰ ਗੰਭੀਰ ਬਣ ਜਾਵੇਗੀ, ਪਿੰਡ ਵਾਸੀਆਂ ਵਲੋਂ ਛੱਪੜ ਦੀ ਜਗਾ ਉੱਪਰ ਹਾਈਵੇ ਕੱਢਣ ਦਾ ਤਿੱਖਾ ਵਿਰੋਧ ਕਰਨ ਦਾ ਐਲਾਨ ਵੀ ਕੀਤਾ ਗਿਆ ਉਨਾਂ ਕਿਹਾ ਕਿ ਹੈਰਾਨੀ ਵਾਲੀ ਗੱਲ ਹੈ ਕਿ ਸਿਰ ਲੁਕਾਉਣ ਲਈ ਮਜ਼ਦੂਰਾਂ ਨੂੰ ਰਿਹਾਇਸ਼ੀ ਪਲਾਟ ਮਿਲਣ ਦਾ ਕੁੱਝ ਲੋਕ, ਅਫ਼ਸਰਸ਼ਾਹੀ ਅਤੇ ਹਾਕਮ ਧਿਰਾਂ ਦੇ ਸਿਆਸਤਦਾਨ ਗੱਠਜੋੜ ਬਣਾ ਕੇ ਵਿਰੋਧ ਕਰਨ ਤੋਂ ਪਿੱਛੇ ਨਹੀਂ ਰਹੇ ਲੇਕਿਨ ਉਹਨਾਂ ਲੋਕਾਂ ਨੇ ਗੰਦੇ ਪਾਣੀ ਦੇ ਨਿਕਾਸੀ ਛੱਪੜ ਨੂੰ ਵੇਚਣ ਲਈ ਇੱਕ ਮਿੰਟ ਲਗਾਇਆ,

ਇਸ ਮੌਕੇ ਲਾਲ ਲਕੀਰ ਵਿੱਚ ਰਹਿੰਦੇ ਲੋਕਾਂ ਨੂੰ ਮਾਲਕੀ ਹੱਕ ਦੇਣ,ਪੰਚਾਇਤੀ ਜ਼ਮੀਨ ਉੱਤੇ ਕਾਬਜ਼ ਅਤੇ ਪਾਸ ਪੰਚਾਇਤੀ ਮਤੇ ਅਨੁਸਾਰ ਰਿਹਾਇਸ਼ੀ ਪਲਾਟ ਅਲਾਟ ਕਰਨ ਆਦਿ ਦੀ ਮੰਗ ਵੀ ਕੀਤੀ ਗਈ

ਇਸ ਮੌਕੇ ਮੁਜ਼ਾਹਰਾਕਾਰੀਆਂ ਵਲੋਂ ਲਤੀਫ਼ਪੁਰਾ ਦੇ ਉਜਾੜੇ ਲੋਕਾਂ ਦਾ ਮੁੜ ਵਸੇਬਾ ਕਰਨ, ਉਹਨਾਂ ਦੇ ਹੋਏ ਨੁਕਸਾਨ ਦਾ ਮੁਆਵਜ਼ਾ ਦੇਣ ਅਤੇ ਸਾਰੇ ਦਰਜ ਪੁਲਿਸ ਕੇਸ ਰੱਦ ਕਰਵਾਉਣ ਲਈ 9 ਅਪ੍ਰੈਲ ਨੂੰ ਲਤੀਫ਼ਪੁਰਾ ਵਿਖੇ ਕੀਤੀ ਜਾ ਰਹੀ ਚੇਤਾਵਨੀ ਰੈਲੀ ਵਿੱਚ ਸ਼ਾਮਲ ਹੋਣ ਦਾ ਐਲਾਨ ਵੀ ਕੀਤਾ ਗਿਆ।

# ਸਾਂਸਦ ਅਰੋੜਾ ਨੇ ਆਵਾਰਾ ਕੁੱਤਿਆਂ ਦੇ ਕੱਟਣ ਦਾ ਮੁੱਦਾ ਉਠਾਇਆ ਸੰਸਦ 'ਚ

**ਲੁਧਿਆਣਾ/ਸ਼ੰਮੀ ਕੁਮਾਰ**

ਅੱਜ ਇੱਥੇ ਜਾਰੀ ਬਿਆਨ ਵਿੱਚ ਅਰੋੜਾ ਨੇ ਕਿਹਾ ਕਿ ਉਨ੍ਹਾਂ ਨੇ ਪੁੱਛਿਆ ਸੀ ਕਿ ਕੀ ਸਰਕਾਰ ਨੇ ਆਵਾਰਾ ਕੁੱਤਿਆਂ ਦੇ ਕੱਟਣ ਦੀਆਂ ਵੱਧ ਰਹੀਆਂ ਘਟਨਾਵਾਂ ਦਾ ਨੋਟਿਸ ਲਿਆ ਹੈ; ਜੇਕਰ ਅਜਿਹਾ ਹੈ ਤਾਂ ਇਸ ਸਬੰਧੀ ਸਰਕਾਰ ਵੱਲੋਂ ਕੀ ਕਦਮ ਚੁੱਕੇ ਗਏ ਹਨ। ਉਨ੍ਹਾਂ ਇਹ ਵੀ ਪੁੱਛਿਆ ਸੀ ਕਿ ਕੀ ਆਵਾਰਾ ਕੁੱਤਿਆਂ ਦੀ ਸੰਭਾਲ ਲਈ ਕੋਈ ਰਾਸ਼ਟਰੀ ਨੀਤੀ ਹੈ; ਅਤੇ ਜੇਕਰ ਨਹੀਂ, ਤਾਂ ਕੀ ਇਸ ਨੂੰ ਜਲਦੀ ਤੋਂ ਜਲਦੀ ਬਣਾਇਆ ਜਾਵੇਗਾ ਅਤੇ ਲਾਗੂ ਕੀਤਾ ਜਾਵੇਗਾ।

ਆਪਣੇ ਜਵਾਬ ਵਿੱਚ ਕੇਂਦਰੀ ਮੱਛੀ ਪਾਲਣ, ਪਸ਼ੂ ਪਾਲਣ ਅਤੇ ਡੇਅਰੀ ਮੰਤਰੀ ਪੁਰਸ਼ੋਤਮ ਰੁਪਾਲਾ ਨੇ ਕਿਹਾ ਕਿ ਨੈਸ਼ਨਲ ਸੈਂਟਰ ਫਾਰ ਡਿਜ਼ੀਜ਼ ਕੰਟਰੋਲ (ਐਨ.ਸੀ.ਡੀ.ਸੀ.) ਦੁਆਰਾ ਚਲਾਏ ਜਾ ਰਹੇ ÷ਇਨਟੈਗਰੇਟਿਡ ਡਿਜ਼ੀਜ਼ ਸਰਵੈੱਲਣਸ ਪ੍ਰੋਗਰਾਮ (ਆਈ.ਡੀ.ਐਸ.ਪੀ.)÷ ਵਿੱਚ ਪਸ਼ੂਆਂ ਦੇ ਕੱਟੇ ਜਾਣ ਦੇ ਅੰਕੜੇ ਦਰਜ ਕੀਤੇ ਗਏ ਹਨ। ਹਾਲਾਂਕਿ, ਕੁੱਤਿਆਂ ਵੱਲੋਂ ਕੱਟੇ ਜਾਣ ਦਾ ਕੋਈ ਡਾਟਾ ਵੱਖ ਤੋਂ ਦਰਜ ਨਹੀਂ ਕੀਤਾ ਜਾਂਦਾ ਹੈ। ਐਨ.ਸੀ.ਡੀ.ਸੀ.,ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ, ਭਾਰਤ ਸਰਕਾਰ ਦੇ ਅਨੁਸਾਰ, ਆਈ.ਡੀ.ਐਸ.ਪੀ. ਵਿੱਚ ਦਰਜ ਸਾਲ ਅਨੁਸਾਰ ਜਾਨਵਰਾਂ ਦੇ ਕੱਟੇ ਜਾਣ ਦੇ ਅੰਕੜੇ ਦਰਸਾਉਂਦੇ ਹਨ ਕਿ ਦੇਸ਼ ਭਰ ਵਿੱਚ ਜਾਨਵਰਾਂ ਦੇ ਕੱਟਣ ਦੇ ਕੇਸਾਂ ਦੀ ਗਿਣਤੀ ਵਿੱਚ ਸਾਲ-ਵਾਰ ਗਿਰਾਵਟ ਆਈ ਹੈ, ਜਿਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਹੈ: 2019 (72,77,523), 2020 (46,33,493), 2021 (17,01,133); ਅਤੇ 2022 (14,50,666)।

ਕੇਂਦਰੀ ਮੱਛੀ ਪਾਲਣ, ਪਸ਼ੂ ਪਾਲਣ ਅਤੇ ਡੇਅਰੀ ਮੰਤਰੀ ਪੁਰਸ਼ੋਤਮ ਰੁਪਾਲਾ ਨੇ ਇਹ ਅੰਕੜੇ ਰਾਜ ਸਭਾ ਦੇ ਹਾਲ ਹੀ ਵਿੱਚ ਹੋਏ ਇਜਲਾਸ ਦੌਰਾਨ ਲੁਧਿਆਣਾ ਤੋਂ 'ਆਪ' ਦੇ ਸੰਸਦ ਮੈਂਬਰ (ਰਾਜ ਸਭਾ) ਸੰਜੀਵ ਅਰੋੜਾ ਵੱਲੋਂ ਅਵਾਰਾ ਕੁੱਤਿਆਂ ਦੇ ਕੱਟਣ ਦੇ ਮਾਮਲੇ 'ਚ ਪੁੱਛੇ ਸਵਾਲ ਦੇ ਜਵਾਬ ਵਿੱਚ ਦਿੱਤੇ। .ਕੇਂਦਰੀ ਮੰਤਰੀ ਨੇ ਅੱਗੇ ਜਵਾਬ ਦਿੱਤਾ ਕਿ



ਕੇਂਦਰ ਸਰਕਾਰ ਨੇ ਰੈਬੀਜ਼ ਦੀ ਰੋਕਥਾਮ ਅਤੇ ਨਿਯੰਤਰਣ ਲਈ ਨੈਸ਼ਨਲ ਰੇਬੀਜ਼ ਕੰਟਰੋਲ ਪ੍ਰੋਗਰਾਮ (ਐਨਆਰਸੀਪੀ) ਸ਼ੁਰੂ ਕੀਤਾ ਹੈ। ਐਨਸੀਡੀਸੀ ਅਤੇ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਤੋਂ ਪ੍ਰਾਪਤ ਜਾਣਕਾਰੀ ਦੇ ਅਨੁਸਾਰ, ਐਨਆਰਸੀਪੀ ਦੀਆਂ ਰਣਨੀਤੀਆਂ ਹਨ। ਇਹਨਾਂ ਰਣਨੀਤੀਆਂ ਵਿੱਚ ਨੈਸ਼ਨਲ ਫਰੀ ਡਰੱਗ ਇਨੀਸ਼ੀਏਟਿਵ ਦੁਆਰਾ ਰੇਬੀਜ਼ ਵੈਕਸੀਨ ਅਤੇ ਰੇਬੀਜ਼ ਇਮਯੂਨੋਗਲੋਬੂਲਿਨ ਦੀ ਵਿਵਸਥਾ ; ਜਾਨਵਰਾਂ ਦੇ ਕੱਟਣ ਦੇ ਸਹੀ ਪ੍ਰਬੰਧਨ, ਰੇਬੀਜ਼ ਦੀ ਰੋਕਥਾਮ ਅਤੇ ਨਿਯੰਤਰਣ, ਨਿਗਰਾਨੀ ਅਤੇ ਇੰਟਰ -ਸੈਕਟੋਰਲ ਕੋਆਰਡੀਨੇਸ਼ਨ ਬਾਰੇ ਸਿਖਲਾਈ; ਜਾਨਵਰਾਂ ਦੇ ਕੱਟਣ ਅਤੇ ਰੇਬੀਜ਼ ਦੀਆਂ ਮੌਤਾਂ ਦੀ ਰਿਪੋਰਟਿੰਗ ਦੀ ਨਿਗਰਾਨੀ ਨੂੰ ਮਜ਼ਬੂਤ ਕਰਨਾ; ਅਤੇ ਰੇਬੀਜ਼ ਦੀ ਰੋਕਥਾਮ ਬਾਰੇ ਜਾਗਰੂਕਤਾ ਪੈਦਾ ਕਰਨਾ ਸ਼ਾਮਲ ਹੈ।

ਇਸ ਤੋਂ ਇਲਾਵਾ, ਕੇਂਦਰੀ ਮੰਤਰੀ ਨੇ ਦੱਸਿਆ ਕਿ ਐਨੀਮਲ ਵੇਲਫ਼ਰੇ ਬੋਰਡ ਆਫ ਇੰਡੀਆ ਨੇ ਕੁੱਤਿਆਂ ਦੀ ਆਬਾਦੀ ਨੂੰ ਕੰਟਰੋਲ ਕਰਨ ਲਈ ਸਬੰਧਤ ਅਧਿਕਾਰੀਆਂ ਨੂੰ ਢੁਕਵੀਂ ਕਾਰਵਾਈ ਕਰਨ ਅਤੇ ਐਨੀਮਲ ਬਰਥ ਕੰਟਰੋਲ ( ਡਾਗਸ) ਰੂਲਜ਼, 2023 ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਦੀ ਬੇਨਤੀ ਕੀਤੀ ਹੈ।

ਅਰੋੜਾ ਨੇ ਦੱਸਿਆ ਕਿ ਕੇਂਦਰੀ ਮੰਤਰੀ ਨੇ ਇਹ ਵੀ ਕਿਹਾ ਕਿ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲਾ ਅਤੇ ਮੱਛੀ ਪਾਲਣ, ਪਸ਼ੂ ਪਾਲਣ ਅਤੇ ਡੇਅਰੀ ਮੰਤਰਾਲਾ, ਭਾਰਤ ਸਰਕਾਰ ਨੇ ਸਾਂਝੇ ਤੌਰ 'ਤੇ '2030 ਤੱਕ ਭਾਰਤ ਤੋਂ' ਡਾਗ ਮੈਡੀਏਟਿਡ ਰੇਬੀਜ਼ ਐਲੀਮੀਨੇਸ਼ਨ (ਐਨਏਪੀਆਰਈ) ਲਈ ਨੈਸ਼ਨਲ ਐਕਸ਼ਨ ਪਲੈਨ' ਸ਼ੁਰੂ ਕੀਤਾ ਹੈ। ਆਵਾਰਾ ਕੁੱਤਿਆਂ ਦੀ ਆਬਾਦੀ ਨੂੰ ਕੰਟਰੋਲ ਕਰਨਾ ਅਤੇ ਆਵਾਰਾ ਕੁੱਤਿਆਂ ਦਾ ਪ੍ਰਬੰਧਨ ਕਰਨਾ ਸਥਾਨਕ ਸੰਸਥਾਵਾਂ ਦਾ ਕੰਮ ਹੈ। ਕੇਂਦਰ ਸਰਕਾਰ ਨੇ ਐਨੀਮਲ ਬਰਥ ਕੰਟਰੋਲ ( ਡਾਗਸ) ਰੂਲਜ਼, 2023 ਬਣਾਇਆ ਹੈ, ਜਿਸ ਨੂੰ ਅਵਾਰਾ ਕੁੱਤਿਆਂ ਦੀ ਆਬਾਦੀ ਨੂੰ ਕੰਟਰੋਲ ਕਰਨ ਲਈ ਸਥਾਨਕ ਅਥਾਰਟੀ ਦੁਆਰਾ ਲਾਗੂ ਕੀਤਾ ਜਾਣਾ ਹੈ। ਨਿਯਮਾਂ ਦਾ ਫੋਕਸ ਆਬਾਦੀ ਸਥਿਰਤਾ ਦੇ ਸਾਧਨ ਵਜੋਂ ਅਵਾਰਾ ਕੁੱਤਿਆਂ ਦਾ ਐਂਟੀ-ਰੇਬੀਜ਼ ਵੇਕਸੀਨੇਸ਼ਨ ਅਤੇ ਅਵਾਰਾ ਕੁੱਤਿਆਂ ਦੀ ਨਸਬੰਦੀ 'ਤੇ ਹੈ।

ਅਰੋੜਾ ਨੇ ਅਵਾਰਾ ਕੁੱਤਿਆਂ ਦੀ ਆਬਾਦੀ ਨੂੰ ਰੋਕਣ ਲਈ ਢੁੱਕਵੇਂ ਕਦਮ ਚੁੱਕਣ ਲਈ ਸਥਾਨਕ ਨਗਰ ਨਿਗਮ ਅਧਿਕਾਰੀਆਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਸਰਕਾਰੀ ਅੰਕੜਿਆਂ ਅਨੁਸਾਰ ਸ਼ਹਿਰ ਭਰ ਵਿੱਚ 80,000 ਤੋਂ ਵੱਧ ਆਵਾਰਾ ਕੁੱਤਿਆਂ ਦੀ ਪਹਿਲਾਂ ਹੀ ਨਸਬੰਦੀ ਕੀਤੀ ਜਾ ਚੁੱਕੀ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਉਪਰਾਲਿਆਂ ਨਾਲ ਸ਼ਹਿਰ ਵਿੱਚ ਆਵਾਰਾ ਕੁੱਤਿਆਂ ਦੇ ਕੱਟਣ ਦੀਆਂ ਘਟਨਾਵਾਂ ਵਿੱਚ ਕਮੀ ਆਵੇਗੀ।

# ਐਸ ਆਈ ਜਗਤਾਰ ਸਿੰਘ ਨੇ ਥਾਣਾ ਮੁਖੀ ਸ਼ੇਰਪੁਰ ਵਜੋਂ ਅਹੁਦਾ ਸੰਭਾਲਿਆ

## ਥਾਣਾ ਮੁਖੀ ਵਜੋਂ ਚਾਰਜ ਸੰਭਾਲਦੇ ਪੱਤਰਕਾਰਾਂ ਨਾਲ ਕੀਤੀ ਪ੍ਰੈੱਸ ਮਿਲਣੀ



**ਸ਼ੇਰਪੁਰ/ਲੋਕ ਬਾਣੀ**

ਐਸ ਆਈ ਜਗਤਾਰ ਸਿੰਘ ਨੇ ਬਤੌਰ ਥਾਣਾ ਮੁਖੀ ਵਜੋਂ ਆਪਣਾ ਅਹੁਦਾ ਸੰਭਾਲ ਲਿਆ ਹੈ , ਉਨ੍ਹਾਂ ਅਹੁਦਾ ਸੰਭਾਲਣ ਉਪਰੰਤ ਸਥਾਨਕ ਪ੍ਰੈਸ ਕਲੱਬ ਦੇ ਨੁਮਾਇੰਦਿਆਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਹ ਇਲਾਕੇ ਦੇ ਅਮਨ ਕਾਨੂੰਨ ਦੀ ਵਿਵਸਥਾ ਨੂੰ ਯਕੀਨੀ ਬਣਾਉਣ ਲਈ ਪੂਰੀ ਤਨਦੇਹੀ ਨਾਲ ਆਪਣੀ ਡਿਊਟੀ ਨਿਭਾਉਣਗੇ ਅਤੇ ਥਾਣਾ ਸ਼ੇਰਪੁਰ ਵਿਖੇ ਆਪਣੇ ਕੰਮਕਾਜ ਲਈ ਆਉਣ ਵਾਲੇ ਹਰ ਇਕ ਵਿਅਕਤੀ ਦਾ ਪੂਰਨ ਤੌਰ ਤੇ ਸਤਿਕਾਰ ਕੀਤਾ ਜਾਵੇਗਾ ।ਉਨ੍ਹਾਂ ਕਿਹਾ ਪੁਲਿਸ ਦਾ ਵੀ ਫਰਜ਼ ਬਣਦਾ ਹੈ ਕਿ ਉਹ ਸਮਾਜ ਵਿਰੋਧੀ ਅਨਸਰਾਂ ਲਈ ÷ ਖਲਨਾਇਕ ÷ ' ਤੇ ਚੰਗੇ ਲੋਕਾਂ ਲਈ ÷ਨਾਇਕ÷ ਬਣਕੇ ਉੱਭਰੇ । ਉਨ੍ਹਾਂ ਇਲਾਕੇ ਦੇ ਪੰਚਾ, ਸਰਪੰਚਾਂ, ਸਮਾਜ ਸੇਵੀ ਕਲੱਬਾਂ ਦੇ ਅਹੁਦੇਦਾਰਾਂ ਅਤੇ ਮੋਹਤਬਰ ਵਿਅਕਤੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਜ਼ਿਲ੍ਹਾ ਪੁਲਿਸ ਮੁਖੀ ਸੰਗਰੂਰ ਸੁਰਿੰਦਰ ਲਾਂਬਾ ਅਤੇ ਡੀ ਐੱਸ ਪੀ ਧੂਰੀ ਯੋਗੇਸ਼ ਸ਼ਰਮਾ ( ਐਸ ਪੀ ) ਵੱਲੋਂ ਸਮਾਜ ਵਿਰੋਧੀ ਅਨਸਰਾਂ ਅਤੇ ਨਸ਼ਾ ਤਸਕਰਾਂ ਖਿਲਾਫ ਵਿੱਢੀ ਮੁਹਿੰਮ ਵਿਚ ਪੁਲਿਸ ਦਾ ਸਹਿਯੋਗ ਦੇਣ, ਪੁਲਿਸ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਆਪਣਾ ਫਰਜ਼ ਨਿਭਾਏਗੀ।

ਐਸ ਆਈ ਜਗਤਾਰ ਸਿੰਘ ਨੇ ਥਾਣਾ ਸ਼ੇਰਪੁਰ ਨਾਲ ਸਬੰਧਤ ਲੋਕਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਕਿਸੇ ਵੀ ਤਰ੍ਹਾਂ ਦੀ ਗੈਰ ਕਾਨੂੰਨੀ ਗਤੀਵਿਧੀ ਦਾ ਪਤਾ ਲੱਗਣ ਤੇ ਉਹ ਤੁਰੰਤ ਬਿਨਾਂ ਕਿਸੇ ਡਰ ਦੇ ਥਾਣਾ ਸ਼ੇਰਪੁਰ ਨਾਲ ਸੰਪਰਕ ਜ਼ਰੂਰ ਕਰਨ। ਇਸ ਮੌਕੇ ਸਹਾਇਕ ਥਾਣੇਦਾਰ ਗੁਰਪਾਲ ਸਿੰਘ, ਸੀਨੀਅਰ ਸਿਪਾਹੀ ਜਸਜੋਤ ਸਿੰਘ , ਸੀਨੀਅਰ ਸਿਪਾਹੀ ਹਰਪ੍ਰੀਤ ਸਿੰਘ ,ਮਹਿਲਾ ਹੌਲਦਾਰ ਬਿਕਰਮਜੀਤ ਕੌਰ , ਜਸਵੀਰ ਸਿੰਘ ਦੀਦਾਰਗੜ੍ਹ ਤੋਂ ਇਲਾਵਾ ਹੋਰ ਵੀ ਪੁਲੀਸ ਮੁਲਾਜ਼ਮ ਮੌਜੂਦ ਸਨ।

# ਪਾਵਰ ਪਲਾਂਟ ਦੀ ਸੁਆਹ ਵਿਰੁੱਧ ਗਾਰਡਨ ਕਲੋਨੀ ਵਾਸੀਆਂ ਨੇ ਫੂਕੇ ਅਧਿਕਾਰੀਆਂ ਦੇ ਪੁਤਲੇ



**ਸਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਕੋਜੈਨਰੇਸ਼ਨ ਪਾਵਰ ਪਲਾਂਟ ਨਵਾਂਸ਼ਹਿਰ ਵਿੱਚੋਂ ਨਿਕਲਦੀ ਸੁਆਹ ਤੋਂ ਦੁੱਖੀ ਸ਼ਹਿਰ ਵਾਸੀਆਂ ਵੱਲੋਂ ਜਿਲਾ ਪ੍ਰਸ਼ਾਸਨ ਅਤੇ ਅਧਿਕਾਰੀਆਂ ਦੇ ਫੂਕੇ ਜਾ ਰਹੇ ਪੁਤਲਿਆਂ ਦੀ ਲੜੀ ਵਜੋਂ ਅੱਜ ਗਾਰਡਨ ਕਲੋਨੀ ,ਇੰਡਸਟਰੀਅਲ ਫੋਕਲ ਪੁਆਇੰਟ, ਬੰਗਾ ਰੋਡ ਨਵਾਂਸ਼ਹਿਰ ਵਿਖੇ ਪੁਤਲੇ ਫੂਕੇ ਗਏ।ਇਸ ਮੌਕੇ ਵਿਚਾਰ ਪੇਸ਼ ਕਰਦਿਆਂ ਲੋਕ ਸੰਘਰਸ਼ ਮੰਚ ਦੇ ਕਨਵੀਨਰ ਜਸਬੀਰ ਦੀਪ,ਸੋਹਨ ਸਿੰਘ ਸਲੇਮਪੁਰੀ, ਪ੍ਰਿੰਸੀਪਲ ਬਿਕਰਮਜੀਤ ਸਿੰਘ, ਸਤੀਸ਼ ਕੁਮਾਰ, ਬਲਵੀਰ ਕੁਮਾਰ,ਸੁਰਿੰਦਰ ਕੁਮਾਰ ਭੌਰਾ ਮੁੱਖ ਅਧਿਆਪਕ, ਗਰੀਬ ਦਾਸ ਨੇ ਕਿਹਾ ਕਿ ਜਦੋਂ ਤੱਕ ਸੁਆਹ ਦੀ ਸਮੱਸਿਆ ਦਾ ਹੱਲ ਨਹੀਂ ਹੋ ਜਾਂਦਾ ਉਦੋਂ ਤੱਕ ਇਹ ਸੰਘਰਸ਼ੀ ਕਾਫਲਾ ਅੱਗੇ ਵਧਦਾ ਜਾਵੇਗਾ।ਸ਼ਹਿਰ ਵਾਸੀ ਇਹ ਖਤਰਨਾਕ ਸੁਆਹ ਬੰਦ ਕਰਵਾਕੇ ਹੀ ਦੰਮ ਲੈਣਗੇ।ਉਹਨਾਂ ਕਿਹਾ ਕਿ ਇਸ ਮਾਮਲੇ ਵਿੱਚ ਪੰਜਾਬ ਸਰਕਾਰ, ਜਿਲਾ ਪ੍ਰਸ਼ਾਸਨ, ਖੰਡ ਮਿੱਲ ਅਤੇ ਪਾਵਰ ਪਲਾਂਟ ਅਧਿਕਾਰੀਆਂ ਦਾ ਨਾਪਾਕ ਗੱਠਜੋੜ ਪੂਰੀ ਤਰ੍ਹਾਂ ਨੰਗਾ ਹੋ ਚੁੱਕਾ ਹੈ ਜਿਹਨਾਂ ਨੂੰ ਸ਼ਹਿਰ ਵਾਸੀਆਂ ਦੀ ਸਿਹਤ ਦੀ ਕੋਈ ਪ੍ਰਵਾਹ ਨਹੀਂ ਹੈ।ਉਹਨਾਂ ਕਿਹਾ ਕਿ ਸੁਆਹ ਦੀ ਸਮੱਸਿਆ ਦੇ ਵਿਰੋਧ ਵਿੱਚ ਸ਼ਹਿਰ ਵਾਸੀ ਪੂਰੀ ਤਰ੍ਹਾਂ ਲਾਮਬੰਦ ਹੋ ਚੁੱਕੇ ਹਨ ਜਿਹਨਾਂ ਨੂੰ ਨਾ ਕੋਈ ਤਾਕਤ ਹਰਾ ਸਕਦੀ ਹੈ ਅਤੇ ਨਾ ਹੀ ਡਰਾ ਸਕਦੀ ਹੈ।ਉਹਨਾਂ ਕਿਹਾ ਕਿ 3 ਅਪ੍ਰੈਲ ਨੂੰ ਸ਼ਾਮ 6 ਵਜੇ ਬਾਜੀਗਰ ਕਲੋਨੀ ,ਬੰਗਾ ਰੋਡ ਨਵਾਂਸ਼ਹਿਰ ਵਿਖੇ ਅਧਿਕਾਰੀਆਂ ਦੇ ਪੁਤਲੇ ਫੂਕੇ ਜਾਣਗੇ।

# ਮਾਮਲਾ ਜਮੀਨੀ ਵਿਵਾਦ ਦਾ : ਥਾਣਾ ਸ਼ੇਰਪੁਰ ਅੱਗੇ ਲੱਗਿਆ ਧਰਨਾ ਛੇਵੇਂ ਦਿਨ ਵਿੱਚ ਸ਼ਾਮਲ; ਥਾਣਾ ਮੁਖੀ ਦੀ ਹੋਈ ਬਦਲੀ





**ਸ਼ੇਰਪੁਰ/ਹਰਜੀਤ ਸਿੰਘ ਕਾਤਿਲ**

ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ( ਧਨੇਰ ਧੜਾ ) ਬਲਾਕ ਸ਼ੇਰਪੁਰ ਵੱਲੋਂ ਪਿੰਡ ਈਨਾ ਬਜਵਾ ਵਿਖੇ ਦੋ ਪਰਿਵਾਰਾਂ ਦੇ ਜ਼ਮੀਨੀ ਵਿਵਾਦ ਦੇ ਚਲਦਿਆਂ ਇਕ ਧਿਰ ਨਾਲ ਡਟ ਕੇ ਖੜਦੇ ਹੋਏ ਥਾਣਾ ਸ਼ੇਰਪੁਰ ਅੱਗੇ ਦਿੱਤਾ ਜਾ ਰਿਹਾ ਧਰਨਾ 6 ਵੇ ਦਿਨ ਵਿੱਚ ਸ਼ਾਮਲ ਹੋ ਚੁੱਕਿਆ ਹੈ । ਜਥੇਬੰਦੀ ਦੇ ਆਗੂਆਂ ਜਿਲ੍ਹਾ ਪ੍ਰਧਾਨ ਕਰਮਜੀਤ ਸਿੰਘ ਛੰਨਾਂ, ਜ਼ਿਲ੍ਹਾ ਮੀਤ ਪ੍ਰਧਾਨ ਦਰਸ਼ਨ ਸਿੰਘ ਕਾਤਰੋਂ , ਬਲਾਕ ਮਹਿਲ ਕਲਾਂ ਦੇ ਪ੍ਰਧਾਨ ਨਾਨਕ ਸਿੰਘ, ਜਿਲਾ ਆਗੂ ਭਾਗ ਸਿੰਘ ਕੁਰੜ, ਬਲਾਕ ਆਗੂ ਗੁਰਪ੍ਰੀਤ ਸਿੰਘ ਛੰਨਾ, ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਮੱਖਣ ਸਿੰਘ ਦੁੱਗਾ, ਜ਼ਿਲਾ ਕਮੇਟੀ ਮੈਂਬਰ ਜਗਤਾਰ ਸਿੰਘ ਦੁੱਗਾ, ਬਲਾਕ ਆਗੂ ਅਮਰਜੀਤ ਸਿੰਘ ਠੁੱਲੀਵਾਲ ਵੱਲੋਂ ਪਿੰਡ ਈਨਾ ਬਾਜਵਾ ਦੇ ਗੁਰਚਰਨ ਸਿੰਘ ਦੀ ਜ਼ਮੀਨ ਉੱਤੇ ਕੋਰਟ ਵੱਲੋ ਸਟੇਅ ਦਿੱਤੇ ਜਾਣ ਦੇ ਬਾਵਜੂਦ ਦੂਜੀ ਧਿਰ ਵੱਲੋਂ ਕਬਜ਼ਾ ਕਰਨ, ਮਾਣਯੋਗ ਕੋਰਟ ਦੇ ਹੁਕਮਾਂ ਦੀ ਉਲੰਘਣਾ ਕਰਨ ਵਾਲਿਆਂ ਖਿਲਾਫ ਕਾਰਵਾਈ ਕਰਵਾਉਣ ਤੱਕ ਪੱਕਾ ਮੋਰਚਾ ਜਾਰੀ ਰੱਖਣ ਦੇ ਸੰਕੇਤ ਦਿਤੇ । ਧਰਨੇ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਪ੍ਰਧਾਨ ਕਰਮਜੀਤ ਸਿੰਘ ਛੰਨਾ ਨੇ ਕਿਹਾ ਕਿ ਪ੍ਰਸ਼ਾਸ਼ਨ ਵੱਲੋਂ ਨਵੇਂ ਆਏ ਥਾਣਾ ਮੁਖੀ ਵੱਲੋਂ ਉਸ ਜਗਾ ਦਾ ਮੌਕਾ ਦੇਖ ਕੇ ਕਮੇਟੀਆਂ ਬਣਾਉਣ ਤੇ ਜ਼ੋਰ ਦਿੱਤਾ ਜਾ ਰਿਹਾ ਹੈ ਅਤੇ ਪ੍ਰਸ਼ਾਸ਼ਨ ਵੱਲੋਂ ਸਾਫ ਨਜ਼ਰ ਆ ਰਿਹਾ ਹੈ ਕਿ ਕਾਰਵਾਈ ਕਰਨ ਤੋਂ ਆਨਾਕਾਨੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸਾਡੀ ਜੱਥੇਬੰਦੀ ਮੰਗ ਕਰਦੀ ਹੈ ਕਿ ਜਦ ਤੱਕ ਦੋਸ਼ੀਆਂ ਤੇ ਕਾਰਵਾਈ ਨਹੀਂ ਹੁੰਦੀ ਉਨ੍ਹਾਂ ਚਿਰ ਜਥੇਬੰਦੀ ਦਾ ਧਰਨਾ ਜਾਰੀ ਰਹੇਗਾ। ਧਰਨੇ ਨੂੰ ਹੋਰਨਾਂ ਤੋਂ ਇਲਾਵਾ ਜ਼ਿਲ੍ਹਾ ਮੀਤ ਪ੍ਰਧਾਨ ਜਗਰਾਜ ਸਿੰਘ ਹਰਦਾਸਪੁਰ, ਬਲਾਕ ਪ੍ਰਧਾਨ ਮਹਿਲ ਕਲਾਂ ਨਾਨਕ ਸਿੰਘ , ਬਲਾਕ ਆਗੂ ਅੰਗਰੇਜ਼ ਸਿੰਘ ਰਾਏਸਰ, ਬਲਾਕ ਪ੍ਰਧਾਨ ਬਰਨਾਲਾ ਬਾਬੂ ਸਿੰਘ ਖੁੱਡੀ ਕਲਾਂ, ਜ਼ਿਲ੍ਹਾ ਆਗੂ ਅਮਰਜੀਤ ਸਿੰਘ ,ਜ਼ਿਲ੍ਹਾ ਮੀਤ ਪ੍ਰਧਾਨ ਦਰਸ਼ਨ ਸਿੰਘ ਕਾਤਰੋਂ, ਜ਼ਿਲ੍ਹਾ ਆਗੂ ਗੁਰਚਰਨ ਸਿੰਘ ਸ਼ੇਰਪੁਰ, ਬਲਾਕ ਸ਼ੇਰਪੁਰ ਦੇ ਸੀਨੀਅਰ ਮੀਤ ਪ੍ਰਧਾਨ ਗੁਰਪ੍ਰੀਤ ਸਿੰਘ ਛੰਨਾ , ਪੰਮੀ ਸਿੰਘ ,ਗੁਰਚਰਨ ਸਿੰਘ , ਇਕਬਾਲ ਸਿੰਘ , ਭਰਪੂਰ ਸਿੰਘ , ਭੋਲਾ ਸਿੰਘ ਕਲੇਰਾਂ , ਗੁਰਪ੍ਰੀਤ ਸਿੰਘ, ਜੀਤਾ ਸਿੰਘ ਬਾਜਵਾ, ਇਕਾਈ ਪ੍ਰਧਾਨ ਮਾਹਮਦਪੁਰ ਗੁਰਮੀਤ ਸਿੰਘ ਫੌਜੀ , ਸੁਖਮਿੰਦਰ ਸਿੰਘ ਛੀਨੀਵਾਲ ,ਸੱਤਪਾਲ ਸਿੰਘ ਸਹਿਜੜਾ, ਜਗਰੂਪ ਸਿੰਘ , ਸੁਖਦੇਵ ਸਿੰਘ, ਜੱਗੀ ਸਿੰਘ, ਗੁਰਮੁਖ ਸਿੰਘ ਸ਼ੇਰਪੁਰ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਵੱਡੀ ਗਿਣਤੀ ਕਿਸਾਨ ਹਾਜਰ ਸਨ ।

ਈਨਾ ਬਾਜਵਾ ਜ਼ਮੀਨੀ ਵਿਵਾਦ ਵਿੱਚ ਸ਼ੇਰਪੁਰ ਥਾਣੇ ਦੇ ਐਸ ਐਚ ਓ ਅਮਰੀਕ ਸਿੰਘ ਨੂੰ ਬਦਲ ਦਿੱਤਾ ਅਤੇ ਉਸ ਦੀ ਜਗ ?ਹਾ ਸਬ ਇੰਸਪੈਕਟਰ ਜਗਤਾਰ ਸਿੰਘ ਨੂੰ ਲਗਾ ਦਿੱਤਾ ਗਿਆ ਹੈ ਨਵ ਨਿਯੁਕਤ ਥਾਣਾ ਮੁਖੀ ਨੇ ਕਿਹਾ ਕਿ ਈਨਾ ਬਾਜਵਾ ਜ਼ਮੀਨੀ ਵਿਵਾਦ ਦਾ ਹੱਲ ਉਹਨਾਂ ਦੀ ਪਹਿਲੀ ਤਰਜੀਹ ਹੈਂ। ਇਸ ਮਸਲੇ ਨੂੰ ਜਲਦੀ ਹੱਲ ਕਰ ਲਿਆ ਜਾਵੇਗਾ।

# ਬਰਕਤ ਕੁਟੀਆ ਕਾਲਾਬੂਲਾ ਵਿਖੇ ਸ਼੍ਰੀ ਸੁੱਤੇ ਸਿੱਧ ਮਹਾਰਾਜ ਜੀ ਦੀ 34ਵੀਂ ਬਰਸੀ ਮੌਕੇ ਲਗਾਏ ਲੰਗਰ



**ਸ਼ੇਰਪੁਰ/ਲੋਕ ਬਾਣੀ**

ਨੇੜਲੇ ਪਿੰਡ ਕਾਲਾਬੂਲਾ ਵਿਖੇ ਇਤਿਹਾਸਕ ਸਥਾਨ ਸ੍ਰੀ ਸ੍ਰੀ 1008 ਚਰਨ ਕਮਲ ਪੂਜ ਪਾਦ ਸਰਵ ਉਪਮਾ ਯੋਗ ਸਰਵ ਸ਼ਕਤੀਮਾਨ ਬ੍ਰਹਮਜੋਤ ਪ੍ਰਕਾਸ਼ਤਮ ਪੂਜਨੀਕ ਬ੍ਰਹਮਲੀਨ ਸ਼ ?ਰੀ ਸੁਤੇ ਸਿੱਧ ਮਹਾਰਾਜ ਜੀ ਦੀ 34ਵੀ ਬਰਸੀ ਮੌਕੇ ਪਹਿਲਾਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੰਪੂਰਨਤਾ ਦੇ ਭੋਗ ਪਾਏ ਗਏ ਅਤੇ ਹਰ ਸਾਲ ਦੀ ਤਰ੍ਹਾਂ ਅਤੁੱਟ ਲੰਗਰ ਭੰਡਾਰਾਂ ਵਰਤਾਇਆ ਗਿਆ। ਬਰਕਤ ਕੁਟੀਆ ਕਾਲਾਬੂਲਾ ਦੇ ਗੱਦੀ ਨਸ਼ੀਨ ਮਹੰਤ ਸੁਤੇ ਪ੍ਰਕਾਸ਼ ਜੀ ਨੇ ਜਿੱਥੇ ਮਹਾਂਪੁਰਸ਼ਾਂ ਦੇ ਪ੍ਰਸੰਗ ਸੁਣਾਕੇ ਸੰਗਤਾਂ ਨੂੰ ਨਿਹਾਲ ਕੀਤਾ ਉੱਥੇ ਸੱਚਾ ਸੁੱਚਾ ਜੀਵਨ ਜਿਊਣ ਲਈ ਭੈੜੀਆਂ ਕੁਰੀਤੀਆਂ ਤੋਂ ਬਚਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਦੱਸਿਆ ਕਿ ਇਹ ਅਸਥਾਨ ਪੂਜਨੀਕ ਗੁਰੂ ਸ੍ਰੀ ਸੁਤੇ ਸਿੱਧ ਮਹਾਰਾਜ ਜੀ ਦਾ ਤਪ ਅਸਥਾਨ ਹੈ, ਇਸ ਅਸਥਾਨ ਤੇ ਗੁਰੂ ਦੀ ਮਹਿਮਾ ਆਪ ਵਰਤਦੀ ਹੈ ਅਤੇ ਸ਼ਰਧਾ ਭਾਵਨਾ ਨਾਲ ਆਉਣ ਵਾਲਿਆ ਦੀ ਮਨੋਕਾਮਨਾ ਪੂਰੀ ਹੁੰਦੀ ਹੈ । ਇਸ ਮੌਕੇ ਗੁਰ ਭਾਈ ਡਾਕਟਰ ਅਮਰਜੀਤ ਸਿੰਘ ਪਾਲ ਸਮੇਤ ਵੱਡੀ ਗਿਣਤੀ ਸੰਗਤਾਂ ਨੇ ਹਾਜਰੀ ਭਰੀ।

# ਸੀ ਡੀ ਪੀ ਓ ਸ਼ੇਰਪੁਰ ਵੱਲੋਂ ਪੋਸ਼ਣ ਪੰਦਰਵਾੜਾ ਮਨਾਇਆ ਗਿਆ



**ਸ਼ੇਰਪੁਰ/ਲੋਕ ਬਾਣੀ**

ਬਾਲ ਵਿਕਾਸ ਪ੍ਰੋਜੈਕਟ ਅਫਸਰ ਸ਼ੇਰਪੁਰ ਸ੍ਰੀਮਤੀ ਕਿਰਨਪ੍ਰੀਤ ਕੌਰ ਸੋਹੀ ਵੱਲੋਂ ਬਲਾਕ ਅਧੀਨ ਪੈਂਦੇ ਪਿੰਡਾਂ ਦੇ ਸਮੂਹ ਆਂਗਣਵਾੜੀ ਸੈਂਟਰਾਂ ਵਿੱਚ 20 ਮਾਰਚ ਤੋਂ 3 ਅਪ੍ਰੈਲ ਤੱਕ ਪੋਸ਼ਣ ਪੰਦਰਵਾੜਾ ਮਨਾਇਆ ਗਿਆ। ਇਸ ਸਬੰਧੀ ਮੈਡਮ ਕਿਰਨਪ੍ਰੀਤ ਕੌਰ ਨੇ ਦੱਸਿਆ ਕਿ ਇਸ ਪ੍ਰੋਗਰਾਮ ਅਧੀਨ ਵੱਖ-ਵੱਖ ਤਰ੍ਹਾਂ ਦੀਆਂ ਗਤੀਵਿਧੀਆਂ ਰਾਹੀਂ ਆਮ ਲੋਕਾਂ ਅਤੇ ਆਈ ਸੀ ਡੀ ਐਸ ਸਕੀਮ ਅਧੀਨ ਆਉਂਦੇ ਲਾਭਪਾਤਰੀਆਂ ਨੂੰ ਜਾਗਰੂਕ ਕੀਤਾ ਗਿਆ। ਇਸ ਪਰੋਗਰਾਮ ਦੀ ਖਾਸ ਮਹੱਤਤਾ ਪੌਸ਼ਟਿਕ ਆਹਾਰ, ਭਰੂਣ ਹੱਤਿਆ ,ਸਮਾਜਿਕ ਅਤੇ ਆਰਥਿਕ ਸਥਿਤੀ ਨੂੰ ਧਿਆਨ ਵਿਚ ਰੱਖਦੇ ਹੋਏ ਆਪਣੇ ਆਪ ਨੂੰ ਸਮੇਂ ਅਨੁਸਾਰ ਬਦਲਾਅ ਵਿਚ ਰੱਖਣਾ , ਵਿਭਾਗ ਨਾਲ ਸਬੰਧਤ ਸਕੀਮਾਂ ਦਾ ਲਾਭ ਲੈਣ ਆਦਿ ਵਿਸ਼ੇ ਪਹਿਲ ਦੇ ਆਧਾਰ ਤੇ ਰਹੇ । ਇਹਨਾਂ ਪ੍ਰੋਗਰਾਮਾਂ ਦੀ ਅਗਵਾਈ ਬਲਾਕ ਕੋਆਰਡੀਨੇਟਰ ਅਤੇ ਸਮੂਹ ਸੁਪਰਵਾਈਜ਼ਰਾਂ ਵੱਲੋਂ ਕੀਤੀ ਗਈ ਅਤੇ ਪ੍ਰੋਗਰਾਮ ਦੀ ਸਮਾਪਤੀ ਰੰਗਾਰੰਗ ਪ੍ਰੋਗਰਾਮ ਨਾਲ ਹੋਈ। ਇਸ ਮੌਕੇ ਬਲਾਕ ਦੀਆਂ ਸਮੂਹ ਆਂਗਣਵਾੜੀ ਵਰਕਰ ਅਤੇ ਹੈਲਪਰ ਮੌਜੂਦ ਸਨ।

# ਅਵਾਰਡੀਜ਼ ਅਧਿਆਪਕਾਂ ਦਾ ਸਨਮਾਨ ਬਹਾਲ ਕਰਨਾ ਸਰਕਾਰ ਦਾ ਸ਼ਲਾਘਾਯੋਗ ਕਦਮ-ਨਾਟਾ

## ਨਾਟਾ ਵੱਲੋਂ ਉਠਾਈ ਮੁੱਢਲੀ ਮੰਗ ਹੋਈ ਪੂਰੀ-ਕਰਮਜੀਤ ਸਿੰਘ ਗਰੇਵਾਲ

**ਲੁਧਿਆਣਾ/ਲੋਕ ਬਾਣੀ**

ਸਕੂਲ ਸਿੱਖਿਆ ਵਿਭਾਗ ਪੰਜਾਬ ਵੱਲੋਂ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਅਤੇ ਸਿੱਖਿਆ ਮੰਤਰੀ ਸ.ਹਰਜੋਤ ਸਿੰਘ ਬੈਂਸ ਦੀ ਸੁਯੋਗ ਅਗਵਾਈ ਅਧੀਨ ਪਹਿਲ ਕਦਮੀ ਕਰਦਿਆਂ 2018 ਤੋਂ ਬੰਦ ਕੀਤੇ ਪੰਜਾਬ ਦੇ ਸਟੇਟ ਐਵਾਰਡੀ ਅਧਿਆਪਕਾਂ ਦਾ ਇੱਕ ਸਾਲ ਦੇ ਵਾਧੇ ਨੂੰ ਮੁੜ ਬਹਾਲ ਕਰ ਦਿੱਤਾ ਹੈ ਇਸ ਤਰਾਂ ਹੁਣ ਪੰਜਾਬ ਦੇ ਸਟੇਟ ਐਵਾਰਡੀ ਅਧਿਆਪਕਾਂ ਨੂੰ ਇੱਕ ਸਾਲ ਅਤੇ ਨੈਸ਼ਨਲ ਅਵਾਰਡ ਪ੍ਰਾਪਤ ਕਰਨ ਵਾਲੇ ਅਧਿਆਪਕਾਂ ਨੂੰ ਦੋ ਸਾਲ ਦੇ ਸੇਵਾ ਕਾਲ ਦਾ ਵਾਧਾ ਨਿਰਵਿਘਨ ਰੂਪ ਵਿੱਚ ਮਿਲਣਯੋਗ ਹੋਵੇਗਾ। ਨੈਸ਼ਨਲ ਅਵਾਰਡੀ ਟੀਚਰਜ਼ ਐਸੋਸੀਏਸ਼ਨ ਪੰਜਾਬ (ਨਾਟਾ) ਨੇ ਪੰਜਾਬ ਸਰਕਾਰ ਵੱਲੋਂ ਅਵਾਰਡੀਜ਼ ਅਧਿਆਪਕਾਂ ਦੇ ਸਨਮਾਨ ਨੂੰ ਮੁੜ ਬਹਾਲ ਕਰਨਾ ਇਕ ਸ਼ਲਾਘਾਯੋਗ



ਕਦਮ ਦੱਸਿਆ ਹੈ। ਨਾਟਾ ਦੇ ਪ੍ਰਧਾਨ ਡਾ. ਬਲਰਾਮ ਸ਼ਰਮਾ ਅਤੇ ਸਕੱਤਰ ਕਰਮਜੀਤ ਸਿੰਘ ਗਰੇਵਾਲ ਨੇ ਕਿਹਾ ਕਿ ਐਸੋਸੀਏਸ਼ਨ ਵੱਲੋਂ ਉਠਾਈ ਗਈ ਮੁੱਢਲੀ ਮੰਗ ਨੂੰ ਸਰਕਾਰ ਨੇ ਪੂਰਾ ਕਰ ਦਿੱਤਾ ਹੈ ਤੇ ਬਾਕੀ ਰਹਿੰਦੀਆਂ ਮੰਗਾਂ ਦੀ ਪੂਰਤੀ ਸਬੰਧੀ ਬਹੁਤ ਜਲਦ ਮਾਣਯੋਗ ਸਿੱਖਿਆ ਮੰਤਰੀ ਪੰਜਾਬ ਸ. ਹਰਜੋਤ ਸਿੰਘ ਬੈਂਸ ਨਾਲ ਇਕ ਵਿਸ਼ੇਸ਼ ਮੁਲਾਕਾਤ ਕੀਤੀ ਜਾਵੇਗੀ। ਸਰਕਾਰ ਦੇ ਇਸ ਸਲਾਘਾਯੋਗ ਫੈਸਲੇ ਦਾ ਐਸੋਸੀਏਸ਼ਨ ਦੇ ਜਨਰਲ ਸਕੱਤਰ ਸੋਹਨ ਲਾਲ,ਸਕੱਤਰ ਕਰਮਜੀਤ ਸਿੰਘ ਗਰੇਵਾਲ, ਵਾਈਸ ਪ੍ਰਧਾਨ ਸਰਬਜੀਤ ਸਿੰਘ ,ਮੈਡਮ ਰਵਿੰਦਰ ਕੌਰ, ਪ੍ਰਿੰਸੀ.ਸੁਖਦੇਵ ਸਿੰਘ ਰਾਣਾ, ਅਮਰ ਸਿੰਘ ਬਿਲਿੰਗ, ਅਮਰਜੀਤ ਸਿੰਘ ਚਹਿਲ, ਡਾ. ਸਤਿੰਦਰ ਸਿੰਘ, ਗੁਰਪ੍ਰੀਤ ਸਿੰਘ, ਜਸਵੰਤ ਸਿੰਘ ,ਗੁਰਪ੍ਰੀਤ ਸਿੰਘ ਨਾਮਧਾਰੀ ,ਜਸਵਿੰਦਰ ਸਿੰਘ ਔਲਖ, ਕਿਰਨ ਟਿਵਾਣਾ, ਲਵਜੀਤ ਸਿੰਘ,ਅਰੁਨ ਕੁਮਾਰ,ਮਨਮੋਹਨ ਸਿੰਘ, ਰਾਜਿੰਦਰ ਵਿਖੌਨਾ ਅਮਰਜੀਤ ਸਿੰਘ, ਹਰਜਿੰਦਰ ਸਿੰਘ ਆਦਿ ਨੇ ਸਵਾਗਤ ਕੀਤਾ ਹੈ

## ਨਜਾਇਜ਼ ਸ਼ਰਾਬ ਸਮੇਤ ਅਰੋਪੀ ਗ੍ਰਿਫ਼ਤਾਰ : ਥਾਣਾ ਮੁਖੀ

**ਸਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਇਹ ਮੁਕੱਦਮਾ ਏ.ਐਸ.ਆਈ ਸੁਰਿੰਦਰ ਪਾਲ ਵੱਲੋ ਦਰਜ ਰਜਿਸਟਰ ਕੀਤਾ ਗਿਆ ਹੈ ਕਿ ਉਸ ਸਮੇਤ ਪੁਲਿਸ ਪਾਰਟੀ ਦੇ ਟੀ ਪੁਆਇੰਟ ਸਿੰਘਪੁਰ ਮੋਜੂਦ ਸੀ ਤਾਂ ਸ਼ ?ਰੀ ਅਨੰਦਪੁਰ ਸਾਹਿਬ ਸਾਇਡ ਤੋ ਮੋਟਰਸਾਈਕਲ ਨੰਬਰ PB-16-6-0299 ਮਾਰਕਾ ਹੀਰੋ ਡੀਲੈਕਸ਼ ਰੰਗ ਕਾਲਾ ਆਉਦਾ ਦਿਖਾਈ ਦਿੱਤਾ ਜਿਸ ਤੇ ਦੋ ਮੋਨੇ ਨੋਜਵਾਨ ਸਵਾਰ ਸਨ ਅਤੇ ਉਹਨਾ ਨੇ ਆਪਣੇ ਵਿਚਕਾਰ ਇਕ ਵਜਨਦਾਰ ਕੈਨੀ ਪਲਾਸਟਿਕ ਰੱਖੀ ਹੋਈ ਸੀ ਜਿਸ ਨੂੰ ਸ਼ੱਕ ਦੀ ਬਨਾਹ ਤੇ ਚੈਕ ਕਰਨ ਤੇ 27 ਹਜਾਰ ਐਮ.ਐਲ ਸ਼ਰਾਬ ਨਜਾਇਜ ਬ੍ਰਾਮਦ ਹੋਣ ਤੇ ਦੋਸ਼ੀਆਨ ਗੁਰਜੀਤ ਸਿੰਘ ਪੁੱਤਰ ਸਿੰਗਾਰਾ ਸਿੰਘ ਵਾਸੀ ਪਿੰਡ ਝੱਜ ਥਾਣਾ ਨੂਰਪੁਰਬੇਦੀ ਜਿਲਾ ਰੂਪਨਗਰ ਅਤੇ ਸੁਭਮ ਪੁੱਤਰ ਉਮ ਪ੍ਰਕਾਸ ਵਾਸੀ ਪਿੰਡ ਝੱਜ ਥਾਣਾ ਨੂਰਪੁਰ ਬੇਦੀ ਜਿਲਾ ਰੂਪਨਗਰ ਦੇ ਖਿਲਾਫ ਮੁਕੱਦਮਾ ਦਰਜ ਰਜਿਸਟਰ ਕਰਕੇ ਮੁੱਢਲੀ ਤਫਤੀਸ਼ ਅਮਲ ਵਿਚ ਲਿਆਦੀ ਮੁਕੱਦਮਾ ਦੇ ਦੋਸ਼ੀ ਗ੍ਰਿਫਤਾਰ ਹੋ ਚੁੱਕੇ ਹਨ ਮੁਕੱਦਮਾ ਜੇਰ ਤਫਤੀਸ਼ ਹੈ

## ਕੰਨਸੀਵ ਆਈ ਵੀ ਐਫ ਸੈਂਟਰ ਵੱਲੋਂ ਮੁਫ਼ਤ ਚੈਕਅੱਪ ਕੈਂਪ ਲਗਾਇਆ ਗਿਆ

**ਕਾਲਾਂਵਾਲੀ/ਪਵਨਸ਼ਰਮਾ**

ਐਤਵਾਰ ਨੂੰ ਕਾਲਾਂਵਾਲੀ ਸਥਿਤ ਗੁਰਦੁਆਰਾ ਸਿੰਘ ਸਭਾ ਵਿਖੇ ਕੰਨਸੀਵ ਆਈ.ਵੀ.ਐਫ. ਸੈਂਟਰ ਸਿਰਸਾ ਵੱਲੋਂ ਮੁਫ਼ਤ ਜਾਂਚ ਕੈਂਪ ਲਗਾਇਆ ਗਿਆ। ਕੈਂਪ ਵਿੱਚ ਡਾ: ਮਨਦੀਪ ਕੌਰ ਨੇ ਔਰਤਾਂ ਨੂੰ ਹੋਣ ਵਾਲੀਆਂ ਬਿਮਾਰੀਆਂ ਬਾਰੇ ਜਾਗਰੂਕ ਕੀਤਾ ਅਤੇ ਉਨ੍ਹਾਂ ਨੂੰ ਯੋਗ ਸਲਾਹ ਵੀ ਦਿੱਤੀ. ਚੈਕਅੱਪ ਦੌਰਾਨ ਔਰਤਾਂ ਨੂੰ ਮੁਫ਼ਤ ਦਵਾਈਆਂ ਵੀ ਵੰਡੀਆਂ ਗਈਆਂ। ਉਨ੍ਹਾਂ ਦੱਸਿਆ ਕਿ ਗੋਲਡ ਮੈਡਲਿਸਟ ਡਾ: ਨੇਹਾ ਗੁਪਤਾ (ਗਰਗ) ਲਗਾਤਾਰ ਆਪਣੀਆਂ ਸੇਵਾਵਾਂ ਦੇ ਰਹੇ ਹਨ, ਇਸ ਲਈ ਔਰਤਾਂ ਉਨ੍ਹਾਂ ਨੂੰ ਮਿਲ ਕੇ ਮੁਫ਼ਤ ਸਲਾਹ ਲੈ ਸਕਦੀਆਂ ਹਨ. ਇਸ ਮੌਕੇ ਕੰਸੀਵ ਆਈ.ਵੀ.ਐਫ ਸੈਂਟਰ ਦੇ ਮੈਨੇਜਰ ਨਰੇਸ਼ ਵਿਜਾਰੀਆ, ਅਜੈ ਖੇਤੀਆ, ਐਸ.ਕੇ. ਜਿੰਦਲ, ਵੰਦਨਾ, ਸੁਮਨ, ਪਵਨ, ਅੰਕੁਸ਼,



ਸਾਬਕਾ ਬਲਾਕ ਸਮਿਤੀ ਮੈਂਬਰ ਅਸ਼ਵਨੀ ਨੂਨਾ ਨੇ ਮੁੱਖ ਤੌਰ 'ਤੇ ਸ਼ਿਰਕਤ ਕੀਤੀ.

## ਸਤਿਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਮਨੁੱਖਤਾ ਲਈ ਹੈ ਚਾਨਣ ਮੁਨਾਰਾ,
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਨ। ਈਸ਼ਵਰ
ਅੱਲ੍ਹਾ ਗੌਡ ਵਾਹਿਗੁਰੂ,
ਹਰ ਕੋਈ ਮੰਨਦਾ ਹੈ ਭਗਵਾਨ।
ਛੇ ਗੁਰੂਆਂ ਦੀ ਬਾਨੀ ਇਸ ਵਿੱਚ,
ਅਤੇ ਪੰਦਰਾਂ ਭਗਤਾਂ ਦੇ ਫੁਰਮਾਨ।
ਜਾਤ ਪਾਤ ਨਾ ਕੋਈ ਊਚਾ ਨੀਚਾ,
ਸਤਿਗੁਰੂ ਬਾਨੀ ਵਿੱਚ ਸਮਝਾਣ।
ਭੱਟਾਂ ਦੀ ਬਾਨੀ ਨੂੰ ਵੀ ਸਤਿਗੁਰਾਂ,
ਦਿੱਤਾ ਇਸ ਵਿੱਚ ਹੈ ਅਸਥਾਨ।
ਭਗਵੰਤ ਬ੍ਰਹਮ ਬਿਸ਼ਨ ਦਾਮੋਦਰ,
ਗੁਰਾਂ ਗ੍ਰੰਥ ਸਾਹਿਬ ਚ ਲਿਖੇ ਨੇ ਨਾਮ।
ਗਿਰਧਰ ਗੋਬਿੰਦ ਗੋਪਾਲ ਗੁਸਾਈਂ,
ਹਰੀ ਕੇਸ਼ਵ ਕ੍ਰਿਸ਼ਨ ਕਾਨ੍ਹਾ ਮਾਧੋ,
ਮਧੂਸੂਦਨ ਮੁਰਾਰੀ ਗੁਰੂ ਜੀ ਬਤਾਣ।
ਨਰਾਇਣ ਪਾਰਬ੍ਰਹਮ ਪਰਮੇਸ਼ਰ ਰਾਮ,
ਪਿਤਾਂਬਰ ਪ੍ਰਭੂ ਰਘੂਰਾਏ ਤੇ ਸ਼ਿਆਮ,
ਅੱਲ੍ਹਾ ਕਬੀਰ ਕਰੀਮ ਖਾਲਿਦ ਖੁਦਾ,
ਗਨੀ ਮਾਲਿਕ ਪਾਕ ਰਹੀਮ ਰਾਧਿਕ,
ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਨਾਮ।
ਹਿੰਦੂ ਮੁਸਲਿਮ ਸਿੱਖ ਈਸਾਈ,
ਗੁਰੂ ਨੂੰ ਸੱਭ ਨਿਉਂ ਕੇ ਸੀਸ ਨਿਵਾਣ।
ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਦੱਦਾਹੂਰੀਆ,
ਸਦਾ ਝੁੱਕ ਕੇ ਕਰਦਾ ਹੈ ਪਰਣਾਮ।

**-ਜਸਵੀਰ ਸ਼ਰਮਾਂ ਦੱਦਾਹੂਰ**
**ਸ੍ਰੀ ਮੁਕਤਸਰ ਸਾਹਿਬ**

## ਥਾਣਾ ਮਕੁੰਦਪੁਰ ਅਧੀਨ ਪੈਦੇ ਪਿੰਡ ਬਖਲੌਰ ਵਿਖੇ ਵਿਹੁੱਅਤਾ ਇਸਤਰੀ ਵਲੋ ਫਾਹਾ ਲੈਕੇ ਕੀਤੀ ਜੀਵਨ ਲੀਲਾ ਸਮਾਪਤ : ਥਾਣਾ ਮੁੱਖੀ

**ਸਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਇਹ ਮੁੱਕਦਮਾ ਬਰਬਿਆਨ ਰਾਮ ਪ੍ਰਸਾਦ ਪੁੱਤਰ ਖਿੱਲੀ ਰਾਮ ਵਾਸੀ ਗੁਣਾਚੌਰ ਕਲੋਨੀ ਥਾਣਾ ਮੁਕੰਦਪੁਰ ਦੇ ਰਜਿਸਟਰ ਕਰਾਇਆਂ ਗਿਆ ਕਿ ਉਸਦੇ 4 ਲੜਕੇ ਅਤੇ 2 ਲੜਕੀਆ ਹਨ ਉਸਦੀ ਲੜਕੀ ਪੂਜਾ ਸਭ ਤੋ ਛੋਟੀ ਸੀ।ਜਿਸਦੀ ਸ਼ਾਦੀ ਸਾਲ 2019 ਵਿੱਚ ਰਾਜੂ ਪੁੱਤਰ ਸੁਰੇਸ਼ ਕੁਮਾਰ ਵਾਸੀ ਬਖਲੌਰ ਥਾਣਾ ਮੁਕੰਦਪੁਰ ਨਾਲ ਹੋਈ ਸੀ।ਜੋ ਇਹਨਾ ਪਤੀ ਪਤਨੀ ਦਾ ਆਪਸ ਵਿੱਚ ਮਾਮੂਲ਼ੀ ਝਗੜਾ ਰਹਿੰਦਾ ਸੀ। ਜੋ ਮਿਤੀ 31/3/2023 ਨੂੰ ਵਕਤ ਕਰੀਬ 7.00 ਵਜੇ ਸ਼ਾਮ ਨੂੰ ਇੱਕ ਟੈਲੀਫੋਨ ਮੇਰੀ ਲੜਕੀ ਪੂਜਾ ਦੇ ਸੁਹਰੇ ਪਰਿਵਾਰ ਤੋਂ ਆਇਆ ਕਿ ਪੂਜਾ ਬੋਲ ਨਹੀ ਰਹੀ ਹੈ ਤਾ ਮੈ ਤੇ ਮੇਰਾ ਪਰਿਵਾਰ ਸਵਾਰੀ ਦਾ ਪ੍ਰਬੰਧ ਕਰਕੇ ਆਪਣੀ ਲੜਕੀ ਪੂਜਾ ਦੇ ਸੁਹਰੇ ਘਰ ਪਿੰਡ ਬਖਲੌਰ ਜਾ ਕੇ ਪਤਾ ਲੱਗਾ ਕਿ ਸਾਡੀ ਲੜਕੀ ਪੂਜਾ ਨੇ ਕਮਰੇ ਦੀ ਛੱਤ ਦੇ ਗਾਡਰ ਨਾਲ ਚੁੰਨੀ ਬੰਨ ਕੇ ਆਪਣੀ ਜੀਵਨ ਲੀਲਾ ਖਤਮ ਕਰ ਲਈ ਹੈ ।ਇਹ ਹਾਦਸਾ ਮੇਰੇ ਜਵਾਈ ਰਾਜੂ ਪੁੱਤਰ ਸੁਰੇਸ ਕੁਮਾਰ ਕੌਮ ਵਾਸੀ ਬਖਲੌਰ ਥਾਣਾ ਮੁਕੰਦਪੁਰ ਵੱਲੋ ਸ਼ਰਾਬ ਪੀ ਕੇ ਤੰਗ ਪ੍ਰੇਸਾਨ ਕੁੱਟ ਮਾਰ ਕਰਕੇ ਮਰਨ ਲਈ ਮਜੂਬਰ ਕਰਕੇ ਮੇਰੀ ਲੜਕੀ ਨੇ ਇਹ ਕਦਮ ਚੁੱਕਿਆਂ ਹੈ ਜਿਸਤੇ ਤਾਰਾ ਰਾਮ ਵੱਲੋ ਮੁੱਕਦਮਾ ਦਰਜ ਰਜਿਸਟਰ ਕਰਕੇ ਕਾਰਵਈ ਅਮਲ ਵਿੱਚ ਲਿਆਦੀ ਗਈ

## ਘਰ ਵਿੱਚ ਇਕੱਲੀ ਲੜਕੀ ਨਾਲ ਦੋ ਨੌਜਵਾਨਾਂ ਵਲੋਂ ਕੀਤੀ ਜਬਰਦਸਤੀ

**ਦੋਰਾਂਗਲਾ/ਰਾਕੇਸ਼ ਜੀਵਨ ਚੱਕ**

ਪੁਲਿਸ ਥਾਣਾ ਦੋਰਾਂਗਲਾ ਅਧੀਨ ਆਉਂਦੇ ਪਿੰਡ ਤਲਵੰਡੀ ਬਾਜਵਾ ਵਿੱਚ ਲੜਕੀ ਨਾਲ ਦੋ ਨੌਜਵਾਨਾਂ ਵੱਲੋਂ ਜਬਰਦਸਤੀ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ ।ਪੁਲਿਸ ਥਾਣਾ ਦੋਰਾਂਗਲਾ ਵਿੱਚ ਲੜਕੀ ਦੀ ਮਾਂ ਵਲੋਂ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਬੀਤੇ ਦਿੰਨੀ 30 ਮਾਰਚ ਨੂੰ ਜਦੋਂ ਮੈ ਆਪਣੀ ਦਵਾਈ ਲੈਣ ਲਈ ਗੁਰਦਾਸਪੁਰ ਗਈ ਹੋਈ ਸੀ ,ਜਿਸ ਕਰਕੇ ਮੇਰੀ ਲੜਕੀ ਉਮਰ 22 ਸਾਲ ਜੋ ਕਿ ਘਰ ਵਿੱਚ ਇਕੱਲੀ ਸੀ ।ਜਦੋਂ ਮੈ ਸਾਮ 5 ਵਜੇ ਦੇ ਕਰੀਬ ਘਰ ਵਿੱਚ ਵਾਪਿਸ ਪਹੁੰਚੀ ਤਾਂ ਲੜਕੀ ਡਰੀ ਸਹਿਮੀ ਹੋਈ ਰੋ ਰਹੀ ਸੀ ।ਜਿਸ ਨੂੰ ਮੈ ਪਿਆਰ ਨਾਲ ਕਾਰਨ ਪੁੱਛਿਆ ਤਾਂ ਉਸ ਨੇ ਕਿਹਾ ਕਿ 10.30 ਵਜੇ ਦੇ ਕਰੀਬ ਮੇਜਰ ਸਿੰਘ ਪੁੱਤਰ ਦਲਬੀਰ ਸਿੰਘ ਵਾਸੀ ਤਲਵੰਡੀ ਬਾਜਵਾ,ਕੁਲਦੀਪ ਸਿੰਘ ਉਰਫ ਸੋਨੂੰ ਪੁੱਤਰ ਗੁਲਜਾਰ ਸਿੰਘ ਵਾਸੀ ਤਲਵੰਡੀ ਬਾਜਵਾ ਜੋ ਕਿ ਰਿਸਤੇ ਚ ਮੇਰਾ ਚਾਚਾ ਲੱਗਦਾ ਹੈ ਤੇ ਘਰ ਡੀਪੂ ਵਾਲੀ ਕਣਕ ਦੀ ਜਾਣਕਾਰੀ ਦੇਣ ਲਈ ਆਇਆ ਸੀ ।ਜਿਸ ਨੇ ਘਰ ਵਿੱਚ ਕੋਈ ਹੋਰ ਨਾ ਹੋਣ ਦੀ ਸੂਰਤ ਵਿੱਚ ਮੈਨੂੰ ਕਮਰੇ ਦੇ ਅੰਦਰ ਲੈ ਗਏ ਅਤੇ ਜਬਰਦਸਤੀ ਸਰੀਰਿਕ ਸਬੰਧ ਬਣਾਏ ਤੇ ਜਦੋ ਮੈ ਰੋਲਾ ਪਾਇਆ ਤੇ ਉਹ ਦੋਨੋ ਡਰਦੇ ਮਾਰੇ ਮੌਕੇ ਤੋਂ ਭੱਜ ਗਏ ।ਇਸ ਸਾਰੀ ਘਟਨਾ ਦੀ ਜਾਣਕਾਰੀ ਪਰਿਵਾਰਕ ਮੈਂਬਰਾਂ ਵਲੋਂ ਪੁਲਿਸ ਥਾਣਾ ਦੋਰਾਂਗਲਾ ਵਿੱਚ ਦੇ ਦਿੱਤੀ ਗਈ ।ਜਿਸ ਤੇ ਪੁਲਿਸ ਮੁੱਖੀ ਵਲੋਂ ਅਗਲੀ ਕਾਰਵਾਈ ਸੁਰੂ ਕਰ ਦਿੱਤੀ ਗਈ ਹੈ ।

# ਜਵੱਦੀ ਟਕਸਾਲ' ਵਿਖੇ ਹਫਤਾਵਾਰੀ ਨਾਮ ਸਿਮਰਨ ਅਭਿਆਸ ਸਮਾਗਮ ਹੋਇਆ

## ਪ੍ਰਵਾਰ ਰੂਪੀ ਫੁਲਵਾੜੀ 'ਚੋਂਗੁਰਮਤਿ ਦੀ ਮਹਿਕ ਆਵੇ-ਸੰਤ ਬਾਬਾ ਅਮੀਰ ਸਿੰਘ ਜੀ



**ਲੁਧਿਆਣਾ/ਲੋਕ ਬਾਣੀ**

ਆਤਮ ਦੇਸ ਦੇ ਮਹਾਨ ਉਡਾਰੂ ਸੱਚ ਖੰਡ ਵਾਸੀ ਸੰਤ ਬਾਬਾ ਸੁੱਚਾ ਸਿੰਘ ਜੀ ਵਲੋਂ "ਸਿੱਖੀ"ਦੇ ਪ੍ਰਚਾਰ-ਪਸਾਰ ਲਈ ਸਿਰਜੀ 'ਜਵੱਦੀ ਟਕਸਾਲ' ਦੇ ਕੇਂਦਰੀ ਅਸਥਾਨ ਗੁਰਦੁਆਰਾ 'ਗੁਰ ਗਿਆਨ ਪ੍ਰਕਾਸ਼ ਸਾਹਿਬ' ਜੱਵਦੀ ਕਲਾਂ ਵਿਖੇ ਮੌਜੂਦਾ ਮੁਖੀ ਸੰਤ ਬਾਬਾ ਅਮੀਰ ਸਿੰਘ ਜੀ ਵੱਡੇ ਮਹਾਪੁਰਸ਼ਾਂ ਦੇ ਸਿਰਜੇ ਸੁਫਨਿਆਂ ਨੂੰ ਸਾਕਾਰ ਕਰਨ ਲਈ ਨਿਰੰਤਰ ਕਾਰਜ਼ਸ਼ੀਲ ਹਨ। ਟਕਸਾਲ ਦੇ ਸਿੱਖਿਆਰਥੀਆਂ ਅਤੇ ਜੁੜੀਆਂ ਸੰਗਤਾਂ ਦੇ ਸਹਿਯੋਗ ਨਾਲ ਹਰ ਹਫਤੇ "ਨਾਮ ਅਭਿਆਸ ਸਿਮਰਨ ਸਮਾਗਮ 'ਚ ਜੁੜਦੇ ਹਨ। ਸਮਾਗਮ 'ਚ ਜੁੜੀਆਂ ਸੰਗਤਾਂ ਨੂੰ ਗੁਰਮਤਿ ਦੀ ਰੋਸ਼ਨੀ 'ਚ ਅਕਾਲ ਪੁਰਖ "ਵਾਹਿਗੁਰੂ"ਦੇ ਰੂਹਾਨੀ ਪੱਖਾਂ ਤੋਂ ਗੁਰਮਤਿ ਵਿਚਾਰਾਂ ਦੀ ਸ਼ਾਂਝ ਪਾਉਂਦੇ ਹਨ। ਅੱਜ ਹਫਤਾਵਾਰੀ ਨਾਮ ਅਭਿਆਸ ਸਿਮਰਨ ਸਮਾਗਮ ਵਿਚ ਉਨ੍ਹਾਂ ਗੁਰਬਾਣੀ ਨਾਮ ਸਿਮਰਨ ਦੀਆਂ ਜੁਗਤਾਂ, ਪ੍ਰਾਪਤ ਹੁੰਦੇ ਆਤਮ ਰਸ ਸਬੰਧੀ ਵਿਚਾਰਾਂ 'ਚ ਬੇਬ ਨਾਨਕੀ ਜੀ ਦੇ ਹਵਾਲੇ ਨਾਲ ਸਮਝਾਇਆ ਕਿ ਸਾਡੇ ਪ੍ਰਵਾਰਾਂ 'ਚੋਂਗੁਰਮਤਿ ਦੀ ਮਹਿਕਆਵੇ। ਉਨ੍ਹਾਂ ਅੱਜ ਦੇ ਦਿਨ ਦੇ ਮਹੱਤਵ ਸਮਝਾਉ ਦਿਆਂ ਕਿਹਾ ਕਿ ਅੱਜ ਬੇਬੇ ਨਾਨਕੀ ਜੀ ਦਾ ਜਨਮ ਦਿਨ ਹੈ, ਜਿਨ੍ਹਾਂ ਦੇ ਜੀਵਨ ਤੋਂ ਪ੍ਰਵਾਰ ਰੂਪੀ ਫੁਲ ਵਾਢੀ ਵਿਚੋਂ ਗੁਰਮਤਿ ਦੀ ਮਹਿਕ ਲਿਆਉਣ ਦੀ ਸੋਝੀ ਨਸੀਬ ਹੁੰਦੀ ਹੈ। ਬਾਬਾ ਜੀ ਨੇ ਜੋਰ ਦਿੱਤਾ ਕਿ ਗੁਰਮਤਿ ਦਾ ਉਦੇਸ਼ ਮਨੁੱਖ ਨੂੰ ਸੱਚ ਸਰੂਪ ਰੱਬੀ ਹਸਤੀ ਦੇ ਲੜ੍ਹ ਲਾ ਕੇ, ਉਸਨੂੰ 'ਸਚਿਆਰ' ਬਣਾਉਣਾ ਹੈ, ਤਾਂ ਜੋ ਨਿਰੋਏ ਸਮਾਜ ਦੀ ਸਿਰਜਨਾ ਹੋ ਸਕੇ। ਅਜਿਹਾ ਤਾਂ ਹੀ ਸੰਭਵ ਹੋ ਸਕੇਗਾ ਜੇਕਰ ਨਿਰੋਈਆਂ ਸ਼ਖਸ਼ੀਅਤਾਂ ਘੜੀਆਂ ਜਾਣ। ਇਸ ਬਾਬਤ ਪ੍ਰਵਾਰ ਅਜਿਹੀ ਸ਼ਖਸ਼ੀਅਤ ਦੇ ਨਿਖਾਰਨ ਲਈ ਬੁਨਿਆਦੀ ਟਕਸਾਲ ਵਜੋਂ ਅਹਿਮ ਭੂਮਿਕਾ ਨਿਭਾ ਸਕਦਾ ਹੈ। ਬਾਬਾ ਜੀ ਨੇ ਅਜੋਕੇ ਸਮਾਜਿਕ ਤਾਣੇ-ਬਾਣੇ ਤੋਂ ਸੁਚੇਤ ਕਰਦਿਆਂ ਕਿਹਾ 'ਨਜ਼ਰਮਾਰੀ ਏ, ਕਿ ਸਿੱਖੀ ਰੂਪੀ ਪ੍ਰਵਾਰਕ ਜੀਵਨ ਬਾਰੇ ਅਸੀਂ ਕਿੰਨੇ 'ਕੁਗੰਭੀ ਰਹਾਂ ?' ਜਿਸ ਪ੍ਰਵਾਰ ਨੇ ਧਰਮ ਦੀ ਟਕਸਾਲ ਬਣਕੇ ਆਪਣੇ ਬੱਚਿਆਂ ਨੂੰ ਰੂਹਾਨੀ ਤੇ ਇਖਲਾ ਕੀ ਪੱਖੋਂ ਉੱਚੇ-ਸੁੱਚੇ ਜੀਵਨ ਦੀ ਜਾਂਚ ਸਿਖਾਉਣੀ ਸੀ, ਉਸ ਦਾ ਮਾਹੌਲ ਕਿਸ ਕਦਰ ਖਰਾਬ ਹੁੰਦਾ ਜਾ ਰਿਹਾ ਹੈ। ਦੂਰੀ, ਕੁੜੱਤਣ ਅਤੇ ਤਨਾਓ ਦਿਨੋ-ਦਿਨ ਵਧਦਾ ਜਾ ਰਿਹਾ ਹੈ। ਬੱਚਿਆਂ 'ਚ ਵਧਰ ਹੀ ਬੇਚੈਨੀ, ਗਲਤ ਰਾਹ ਵੱਲ ਧਕੇਲ ਰਹੀ ਹੈ। ਮੀਡੀਆ, ਗਲਤ ਸੰਗਤ ਅਤੇ ਨਸ਼ਿਆਂ ਦਾ ਮਾਰੂ ਪ੍ਰਭਾਵ ਦਿਸ਼ਾ ਹੀਣ ਹੋ ਰਹੀ ਨਵੀਂ ਪੀੜ੍ਹੀ ਨੂੰ ਹਨੇਰੇ ਭਵਿੱਖ ਵੱਲ ਦੇਸ ਪੱਸ਼ਟ ਸੰਕੇਤ ਹਨ। ਭਟਕਣ ਅਤੇ ਦਿਸ਼ਾ ਹੀਣ ਚਕਰਵਿਊ 'ਚੋਂ ਕੱਢਣ ਲਈ ਪ੍ਰਵਾਰ ਨੂੰ ਬੇਬੇ ਨਾਨਕੀ ਦੇ ਜੀਵਨ ਤੋਂ ਸੇਧ ਲੈਕੇ ਤਬਦੀਲੀ ਦਾ ਸਾਧਨ ਬਣਾਉਣਾ ਪਵੇਗਾ। ਅੱਜ ਸਮੇਂ ਦੀ ਵੱਡੀ ਚਣੌਤੀ ਹੈ ਕਿ ਅਜਿਹੀ ਸਮਰੱਥਾ ਅਸੀਂ ਗੁਰਬਾਣੀ ਤੋਂ ਸੇਧ ਲੈ ਕੇ ਹੀ ਹਾਸਲ ਕਰ ਸਕਦੇ ਹਾਂ।

## ਦਮਦਮਾ ਸਾਹਿਬ ਦੀ ਵਿਸਾਖੀ

ਆਈ ਵਿਸਾਖੀ ਖੁਸ਼ੀਆਂ ਵਾਲ਼ੀ, ਦਮਦਮਾ ਸਾਹਿਬ ਨੂੰ ਚੱਲੀਏ।
ਤਖ਼ਤ ਸਾਹਿਬ ਚੱਲ ਟੇਕੀਏ ਮੱਥਾ, ਨਾਲ ਸੰਗਤ ਦੇ ਰਲ਼ੀਏ।
ਆਏ ਏਥੇ ਸਨ ਦਸਮ ਪਾਤਸ਼ਾਹ, ਚੱਲ ਕੇ ਢਾਬ ਖਿਦਰਾਣਾ।
ਨੌਂ ਮਹੀਨੇ ਨੌਂ ਦਿਨ ਸਤਿਗੁਰ, ਕੀਤਾ ਇੱਥੇ ਟਿਕਾਣਾ।
ਲੰਮੇ ਸਮੇਂ ਦੇ ਯੁੱਧਾਂ ਪਿੱਛੋਂ, ਕੀਤਾ ਗੁਰ ਬਿਸਰਾਮ।
ਏਸ ਜਗ ?ਹਾ ਨੂੰ ਸਤਿਗੁਰ ਦਿੱਤਾ, ਤਖ਼ਤ ਚੌਥੇ ਦਾ ਨਾਮ।
ਭਾਈ ਡੱਲੇ ਨੂੰ ਦਾਤੇ ਨੇ, ਦਿੱਤੀ ਸੀ ਵਡਿਆਈ।
ਸਿੰਘ ਸਜਾ ਕੇ ਗਲ਼ ਨਾਲ ਲਾਇਆ, ਉਸਦੀ ਪੈਜ ਰਖਾਈ।
ਮੌਜ 'ਚ ਆ ਕੇ ਦਸਮ ਗੁਰੂ ਨੇ, ਕਈ ਕੌਤਕ ਸਨ ਕੀਤੇ।
ਸੰਗਤ ਨੇ ਵੀ ਦਾਤੇ ਕੋਲ਼ੋਂ, ਘੁੱਟ ਅੰਮ੍ਰਿਤ ਦੇ ਪੀਤੇ।
'ਗੁਰੂ ਕਾਸ਼ੀ' ਅਖਵਾਏ ਧਰਤੀ, ਖੁੱਲ੍ਹੇ ਕਈ ਵਿਦਿਆਲੇ।
ਗੁਰ-ਦਾਤੇ ਦੀ ਅਜ਼ਮਤ ਤੋਂ, ਸਭ ਹੁੰਦੇ ਜਾਣ ਨਿਹਾਲੇ।
ਮੇਲੇ ਵਾਲ਼ੇ ਦਿਨਾਂ ਨੂੰ ਏਥੇ, ਲੱਗਣ ਅਜਬ ਬਹਾਰਾਂ।
ਗੁਰ-ਦਰਬਾਰ 'ਚ ਮੱਥਾ ਟੇਕਣ, ਬੰਨ੍ਹਣੀਆਂ ਪੈਣ ਕਤਾਰਾਂ।
ਚੋਜੀ ਪ੍ਰੀਤਮ ਕੋਲੋਂ ਓਹੀ, ਮਨਇੱਛਿਤ ਫ਼ਲ ਪਾਵੇ।
ਸ਼ਰਧਾ ਨਾਲ਼ 'ਸ਼ਨਾਨ ਕਰੇ, ਤੇ ਸੱਚੇ ਦਿਲੋਂ ਧਿਆਵੇ।
ਸਰਕਸ, ਝੂਲੇ, ਖਾਣ-ਪੀਣ ਦੀਆਂ, ਸਜੀਆਂ ਬਹੁਤ ਦੁਕਾਨਾਂ।
ਲੋਕਾਂ ਦੇ ਇਸ ਅਜਬ ਜਲੌਅ ਨੂੰ, ਖੜ੍ਹ ਕੇ ਵੇਖ ਜਵਾਨਾ।
ਕਿਧਰੇ ਕਵੀ, ਕਵੀਸ਼ਰ ਕਿਧਰੇ, ਢਾਡੀ ਵਾਰਾਂ ਗਾਉਂਦੇ।
ਮੱਲ 'ਖਾੜੇ ਵਿੱਚ ਦੂਰ ਪਰ੍ਹੇ, ਇੱਕ-ਦੂਜੇ ਨੂੰ ਪਏ ਢਾਹੁੰਦੇ।



ਦਸਮ ਪਿਤਾ ਦੇ ਦਰ ਤੇ ਸਾਰੇ, ਆਓ ਸੀਸ ਝੁਕਾਈਏ!
ਧੰਨ ਗੁਰੂ, ਧੰਨ ਅੰਮ੍ਰਿਤ-ਦਾਤਾ, ਨਾਲ਼ ਰੂਹੀ ਦੇ ਗਾਈਏ।

-ਪ੍ਰੋ. ਨਵ ਸੰਗੀਤ ਸਿੰਘ
ਪੋਸਟਗ੍ਰੈਜੂਏਟ ਪੰਜਾਬੀ ਵਿਭਾਗ, ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ-151302 (ਬਠਿੰਡਾ

# ਬੀ .ਕੇ .ਯੂ ਏਕਤਾ ਡਕੌਂਦਾ ਧਨੇਰ ਗਰੁੱਪ ਦਾ ਧਰਨਾ ਥਾਣਾ ਸ਼ੇਰਪੁਰ ਅੱਗੇ ਚੋਥੇ ਦਿਨ 'ਚ ਦਾਖਲ




**ਸ਼ੇਰਪੁਰ/ਲੋਕ ਬਾਣੀ**

ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ (ਧਨੇਰ ਗਰੁੱਪ) ਬਲਾਕ ਸ਼ੇਰਪੁਰ ਵੱਲੋਂ ਪਿੰਡ ਈਨਾ ਬਜਵਾ ਵਿਖੇ ਦੋ ਪਰਿਵਾਰਾਂ ਦੀ ਜ਼ਮੀਨੀ ਵਿਵਾਦ ਨੂੰ ਲੈ ਕੇ ਦਿੱਤਾ ਜਾ ਰਿਹਾ ਧਰਨਾ ਚੌਥੇ ਦਿਨ ਵੀ ਥਾਣਾ ਸ਼ੇਰਪੁਰ ਅੱਗੇ ਜਾਰੀ ਰਿਹਾ। ਧਰਨੇ ਨੂੰ ਸੰਬੋਧਨ ਕਰਦਿਆਂ ਜਥੇਬੰਦੀ ਦੇ ਜਿਲ੍ਹਾ ਪ੍ਰਧਾਨ ਕਰਮਜੀਤ ਸਿੰਘ ਛੰਨਾਂ, ਜ਼ਿਲ੍ਹਾ ਮੀਤ ਪ੍ਰਧਾਨ ਦਰਸ਼ਨ ਸਿੰਘ ਕਾਤਰੋਂ ਨੇ ਦੱਸਿਆ ਕਿ ਪਿੰਡ ਈਨਾ ਬਾਜਵਾ ਦੇ ਗੁਰਚਰਨ ਸਿੰਘ ਦਾ ਇਕ ਵਿਅਕਤੀ ਨਾਲ ਜ਼ਮੀਨ ਦੇ ਮਾਮਲੇ ਨੂੰ ਲੈ ਕੇ ਵਿਵਾਦ ਚੱਲ ਰਿਹਾ ਹੈ। ਆਗੂਆਂ ਨੇ ਦੱਸਿਆ ਕਿ ਦੂਜੀ ਧਿਰ ਵੱਲੋਂ ਕਬਜ਼ਾ ਕਰਨ ਬਾਵਜੂਦ ਵੀ ਪੁਲਸ ਵੱਲੋਂ ਬਣਦੀ ਕੋਈ ਕਾਰਵਾਈ ਅਮਲ ਵਿੱਚ ਨਹੀਂ ਲਿਆਂਦੀ ਗਈ। ਇਸ ਮੌਕੇ ਧਰਨਾਕਾਰੀਆਂ ਨੇ ਐਲਾਨ ਕੀਤਾ ਕਿ ਜਿੰਨਾ ਸਮਾਂ ਪੀੜਤ ਪਰਿਵਾਰ ਨੂੰ ਇਨਸਾਫ਼ ਨਹੀਂ ਮਿਲਦਾ ਓਨਾ ਚਿਰ ਇਹ ਪੱਕਾ ਮੋਰਚਾ ਜਾਰੀ ਰਹੇਗਾ। ਇਸ ਮੌਕੇ ਬਲਾਕ ਮਹਿਲ ਕਲਾਂ ਦੇ ਪ੍ਰਧਾਨ ਨਾਨਕ ਸਿੰਘ, ਜਿਲਾ ਆਗੂ ਭਾਗ ਸਿੰਘ ਕੁਰੜ, ਬਲਾਕ ਆਗੂ ਗੁਰਪ੍ਰੀਤ ਸਿੰਘ ਛੰਨਾ, ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਮੱਖਣ ਸਿੰਘ ਦੁੱਗਾ, ਜ਼ਿਲਾ ਕਮੇਟੀ ਮੈਂਬਰ ਜਗਤਾਰ ਸਿੰਘ ਦੁੱਗਾ, ਬਲਾਕ ਆਗੂ ਅਮਰਜੀਤ ਸਿੰਘ ਠੁੱਲੀਵਾਲ, ਗੁਰਪ੍ਰੀਤ ਸਿੰਘ ਬਾਜਵਾ, ਜੀਤ ਸਿੰਘ ਬਾਜਵਾ, ਭੋਲਾ ਸਿੰਘ ਕਲੇਰਾਂ, ਪੰਮੀ ਸਿੰਘ, ਚਰਨ ਸਿੰਘ ਕਾਤਰੋਂ, ਗੁਰਮੁੱਖ ਸਿੰਘ, ਰੂਪ ਸਿੰਘ ਜਵੰਧਾ ਸ਼ੇਰਪੁਰ, ਸੁਖਪ੍ਰੀਤ ਸਿੰਘ, ਸਤਨਾਮ ਸਿੰਘ ਫਰਵਾਹੀ, ਇਕਬਾਲ ਸਿੰਘ, ਭਰਭੂਰ ਸਿੰਘ ਰਾਮਨਗਰ ਛੰਨਾਂ, ਨਛੱਤਰ ਕੌਰ, ਗੁਰਮੀਤ ਕੌਰ, ਤੇਜ ਕੌਰ ਬਾਜਵਾ ਆਦਿ ਆਗੂ ਹਾਜ਼ਰ ਸਨ।

ਇਸ ਮਾਮਲੇ ਸਬੰਧੀ ਥਾਣਾ ਸ਼ੇਰਪੁਰ ਦੇ ਐਸ ਐਚ ਓ ਇੰਸਪੈਕਟਰ ਅਮਰੀਕ ਸਿੰਘ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਇਹ ਮਾਮਲਾ ਮਾਨਯੋਗ ਅਦਾਲਤ ਵਿੱਚ ਚੱਲ ਰਿਹਾ ਹੈ ਅਤੇ ਜੋ ਅਦਾਲਤ ਦਾ ਫੈਸਲਾ ਹੋਵੇਗਾ ਉਸ ਅਨੁਸਾਰ ਬਣਦੀ ਕਾਰਵਾਈ ਕੀਤੀ ਜਾਵੇਗੀ ਉਹਨਾਂ ਕਿਹਾ ਕਿ ਕੁਝ ਕਿਸਾਨ ਆਗੂ ਆਪਣਾ ਨਾਮ ਚਮਕਾਉਣ ਲਈ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਨ।

# ਅਨਾਦਰ ਦੀ ਇੱਕ ਦੁਰਲੱਭ ਵਿਕਾਰ ਤੋਂ ਪੀੜਤ ਇੱਕ ਔਰਤ ਦਾ ਸਫਲ ਇਲਾਜ

**ਸਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਲੁਧਿਆਣਾ ਦੀ ਇੱਕ 38 ਸਾਲਾ ਔਰਤ ਜੋ ਅਨਾਸ਼ ਦੀ ਨਾੜੀ ਦੀ ਦੁਰਲੱਭ ਵਿਕਾਰ 'ਐਕਲੇਸ਼ੀਆ ਕਾਰਡੀਆ' ਤੋਂ ਪੀੜਤ ਸੀ, ਦਾ ਹਾਲ ਹੀ ਵਿੱਚ ਆਈ.ਵੀ.ਵਾਈ ਹਸਪਤਾਲ, ਨਵਾਂਸ਼ਹਿਰ ਵਿਖੇ ਸਫਲਤਾਪੂਰਵਕ ਇਲਾਜ ਕੀਤਾ ਗਿਆ।ਜਾਣਕਾਰੀ ਦਿੰਦਿਆਂ ਆਈ.ਵੀ.ਵਾਈ ਹਸਪਤਾਲ ਨਵਾਂਸ਼ਹਿਰ ਦੇ ਗੈਸਟਰੋਐਂਟਰੌਲੋਜਿਸਟ ਡਾ: ਅਨੁਰਾਗ ਸਚਾਨ ਨੇ ਦੱਸਿਆ ਕਿ ਉਕਤ ਔਰਤ ਨੂੰ ਪਿਛਲੇ ਦੋ ਸਾਲਾਂ ਤੋਂ ਖਾਣਾ ਖਾਣ 'ਚ ਦਿੱਕਤ ਆ ਰਹੀ ਸੀ।'ਐਕਲੇਸ਼ੀਆ ਕਾਰਡੀਆ' ਬਾਰੇ ਗੱਲ ਕਰਦਿਆਂ ਡਾ: ਅਨੁਰਾਗ ਨੇ ਦੱਸਿਆ ਕਿ ਇਸ ਵਿਕਾਰ ਵਿੱਚ ਅਨਾੜੀ ਦੀਆਂ ਮਾਸਪੇਸ਼ੀਆਂ (ਜੋ ਭੋਜਨ ਅਤੇ ਤਰਲ ਪਦਾਰਥ ਨੂੰ ਗਲੇ ਤੋਂ ਪੇਟ ਤੱਕ ਪਹੁੰਚਾਉਂਦੀਆਂ ਹਨ) ਦਾ ਤਾਲਮੇਲ ਖਤਮ ਹੋ ਜਾਂਦਾ ਹੈ ਅਤੇ ਪੇਟ ਵਿੱਚ ਭੋਜਨ ਦੇ ਸਹੀ ਰਸਤੇ ਵਿੱਚ ਰੁਕਾਵਟ ਪੈਦਾ ਹੁੰਦੀ ਹੈ। ਜਾਂਦਾ ਹੈ ਹੌਲੀ-ਹੌਲੀ ਅਨਾੜੀ ਫੈਲ ਜਾਂਦੀ ਹੈ ਅਤੇ ਪਹਿਲਾਂ ਖਾਧੇ ਗਏ ਭੋਜਨ ਦੇ ਮੁੜ-ਸਥਿਰ ਹੋਣ ਦਾ ਕਾਰਨ ਬਣ ਸਕਦੀ ਹੈ। ਇੱਕ ਵਾਰ esophageal mucosa ਨਾਲ ਪੁਸ਼ਟੀ ਹੋ ਜਾਣ 'ਤੇ, ਇਸ ਵਿਕਾਰ ਦਾ ਇਲਾਜ ਚਮੜੀ ਨੂੰ ਚੀਰਾ ਦਿੱਤੇ ਬਿਨਾਂ ਪੇਰੋਰਲ ਐਂਡੋਸਕੋਪਿਕ ਮਾਇਓਟੋਮੀ (POEM) ਦੀ ਉੱਨਤ ਐਂਡੋਸਕੋਪਿਕ ਤਕਨੀਕ ਨਾਲ ਕੀਤਾ ਜਾ ਸਕਦਾ ਹੈ।ਇਸ ਪ੍ਰਕਿਰਿਆ ਬਾਰੇ ਜਾਣਕਾਰੀ ਦਿੰਦੇ ਹੋਏ ਡਾ: ਅਨੁਰਾਗ ਨੇ ਦੱਸਿਆ ਕਿ ਇਹ ਜਨਰਲ ਅਨੱਸਥੀਸੀਆ ਦੇ ਤਹਿਤ ਕੀਤਾ ਗਿਆ ਸੀ ਅਤੇ ਇਸ ਪ੍ਰਕਿਰਿਆ ਨੂੰ ਲਗਭਗ 2 ਘੰਟੇ ਦਾ ਸਮਾਂ ਲੱਗਾ।ਉਨ੍ਹਾਂ ਕਿਹਾ ਕਿ ਇਹ ਪ੍ਰਕਿਰਿਆ ਮਾਸਪੇਸ਼ੀ ਅਤੇ esophageal mucosa ਦੇ ਵਿਚਕਾਰ esophagus ਵਿੱਚ ਇੱਕ ਸੁਰੰਗ ਬਣਾ ਕੇ ਕੀਤੀ ਗਈ ਸੀ। ਮਾਸਪੇਸ਼ੀ ਨੂੰ ਐਂਡੋਸਕੋਪਿਕ ਤੌਰ 'ਤੇ ਕੱਟਿਆ ਗਿਆ ਸੀ ਅਤੇ ਫਿਰ ਮਿਊਕੋਸਾ ਨੂੰ ਬੰਦ ਕਰ ਦਿੱਤਾ ਗਿਆ ਸੀ।ਮਰੀਜ਼ ਨੂੰ 1-2 ਦਿਨਾਂ ਲਈ ਦੇਖਿਆ ਗਿਆ ਅਤੇ ਫਿਰ ਛੁੱਟੀ ਦਿੱਤੀ ਗਈ। ਔਰਤ ਹੁਣ ਠੀਕ ਹੈ ਅਤੇ ਹੁਣ ਚੰਗੀ ਤਰ੍ਹਾਂ ਖਾਣ ਦੇ ਯੋਗ ਹੈ।




## ਇਹ ਕੈਸਾ ਮੰਜ਼ਰ (ਕਵਿਤਾ)



ਆਪਣੇ ਹਿੱਸੇ ਦੀ ਦੁਨੀਆਂ ਦਾ,
ਮੈਂ ਸਿੰਕਦਰ ਹਾਂ,
ਆਪਣੇ ਹਿੱਸੇ ਦੀ ਦੁਨੀਆਂ ਦਾ,
ਤੂੰ ਸਿਕੰਦਰ ਹੈ,
ਫੇਰ ਪ੍ਰਿੰਸ ਨਿਮਾਣਿਆ ਕਿਉਂ ਫਸਦਾਂ,
ਵਿੱਚ ਤੇਰੀ ਮੇਰੀ ਦੇ,
ਨਾ ਤੇਰੀ ਧਰਤੀ ਹੈ,
ਨਾ ਮੇਰਾ ਅੰਬਰ ਹੈ,
ਕੋਈ ਖ਼ਾਕ ਏ ਸਪੁਰਦ ਇੱਥੇ,
ਕੋਈ ਅਗਨਿ ਦੇ ਅੰਦਰ ਹੈ,
ਸੱਚ ਦੇ ਲਈ ਸੂਲ ?ੀ ਹੈ,
ਇੱਥੇ ਝੂਠ ਕਲੰਦਰ ਏ,
ਨ਼ਫਰਤ ਹੈ ਪਿਆਰਾਂ ਵਿੱਚ,
ਇਹ ਕੈਸਾ ਮੰਜ਼ਰ ਹੈ,
ਨਾ ਤੇਰੀ ਧਰਤੀ ਹੈ,
ਨਾ ਮੇਰਾ ਅੰਬਰ ਹੈ,

**ਰਣਬੀਰ ਸਿੰਘ 'ਪ੍ਰਿੰਸ'**
**ਸ਼ਾਹਪੁਰ ਕਲਾਂ ਆ਼ਫ ?ਸਰ ਕਾਲੋਨੀ**
**ਸੰਗਰੂਰ**

# ਪਿੰਡ ਮੰਡਿਆਣੀ ਵਿਖੇ ਖੂਨਦਾਨ ਕੈਂਪ, ਅੱਖਾਂ ਦਾ ਕੈਂਪ ਅਤੇ ਮੁਫ਼ਤ ਦਵਾਈਆਂ ਦਾ ਕੈਂਪ ਲਾਇਆ

## ਚਿੱਟੇ ਮੋਤੀਆਂ ਦੇ 35 ਮਰੀਜ਼ਾਂ ਦੇ ਫਰੀ ਅਪ੍ਰੇਸ਼ਨ ਕਰਵਾਏ ਜਾਣਗੇ- ਜਗਨ ਸਿੰਘ ਜੌਹਲ

**ਲੁਧਿਆਣਾ/ਲੋਕ ਬਾਣੀ**

ਡੇਰਾ ਬਾਬਾ ਗੰਗਾਪੁਰੀ ਪਿੰਡ ਮੰਡਿਆਣੀ ਵਿਖੇ ਮਨੁੱਖਤਾ ਦੇ ਭਲੇ ਲਈ ਜਗਨ ਸਿੰਘ ਜੌਹਲ, ਪਰਮਜੀਤ ਕੌਰ ਜੌਹਲ ਦੇ ਪਰਿਵਾਰ ਵਲੋਂ ਮਨੁੱਖਤਾ ਦੇ ਭਲੇ ਲਈ ਭਾਈ ਘਨਈਆ ਜੀ ਮਿਸ਼ਨ ਸੇਵਾ ਸੁਸਾਇਟੀ (ਰਜਿ) ਦੇ ਮੁੱਖ ਸੇਵਾਦਾਰ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਦੀ ਦੇਖ ਰੇਖ ਹੇਠ 619ਵਾਂ ਮਹਾਨ ਖੂਨਦਾਨ ਕੈਂਪ, ਅੱਖਾਂ ਦਾ ਕੈਂਪ ਅਤੇ ਜਨਰਲ ਮੈਡੀਕਲ ਕੈਂਪ ਸਮਾਜ ਸੇਵੀ ਕੰਵਰਜੀਤ ਸਿੰਘ ਜਵੰਦਾ ਅਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਲਗਾਇਆ ਗਿਆ। ਇਸ ਮੌਕੇ ਉਘੇ ਸਮਾਜ ਸੇਵੀ ਜਗਨ ਸਿੰਘ ਜੌਹਲ ਯੂ.ਐਸ.ਏ ਨੇ ਖੂਨਦਾਨ ਕੈਂਪ, ਅੱਖਾਂ ਦਾ ਫਰੀ ਚੈਕਅਪ ਕੈਂਪ ਅਤੇ ਫਰੀ ਦਵਾਈਆਂ ਦਾ ਜਨਰਲ ਮੈਡੀਕਲ ਕੈਂਪ ਦਾ ਉਦਘਾਟਨ ਕਰਦਿਆਂ ਸਮੂਹ ਨਗਰ ਨਿਵਾਸੀਆਂ ਨੂੰ ਅਪੀਲ ਕੀਤੀ ਲੋੜਵੰਦਾ ਲਈ ਜਿਉਂਦੇ ਜੀ ਖੂਨਦਾਨ ਅਤੇ ਮਰਨ ਉਪਰੰਤ ਅੱਖਾਂ ਦਾਨ ਕਰੋ। ਇਸ ਮੌਕੇ ਭਾਈ ਘਨਈਆ ਜੀ ਮਿਸ਼ਨ ਸੇਵਾ ਸੁਸਾਇਟੀ ਦੇ ਸੇਵਾਦਾਰ ਸੁਰਿੰਦਰ ਸਿੰਘ ਜੀਤੀ ਮੰਡਿਆਣੀ ਨੇ ਦਸਿਆ ਖੂਨਦਾਨ ਕੈਂਪ ਦੌਰਾਨ 50 ਬਲੱਡ ਯੂਨਿਟ ਜੇ.ਐਲ ਬਸੀ ਹਸਪਤਾਲ ਦੇ ਸਹਿਯੋਗ ਨਾਲ ਇੱਕਤਰ ਕੀਤਾ ਗਿਆ ਖੂਨ ਲੋੜਵੰਦ ਮਰੀਜ਼ਾਂ ਨੂੰ ਨਿਸ਼ਕਾਮ ਰੂਪ ਵਿੱਚ ਦਿਤਾ ਜਾਵੇਗਾ। ਅਤੇ ਅੱਖਾਂ ਦੇ ਪ੍ਰਸਿੱਧ ਡਾਕਟਰ ਰਮੇਸ਼ ਕੁਮਾਰ ਮਨਸੂਰਾਂ ਆਈ ਹਸਪਤਾਲ ਵਲੋਂ ਡਾ:ਮਨਜੀਤ ਸਿੰਘ ਦੀ ਟੀਮ ਨੇ 550 ਮਰੀਜ਼ਾਂ ਦੀਆਂ ਫਰੀ ਅੱਖਾਂ ਦਾ ਚੈਕਅੱਪ ਕੀਤਾ ਜਿਸ ਵਿਚੋਂ 35 ਮਰੀਜ਼ ਚਿੱਟੇ ਮੋਤੀਆਂ ਦੇ ਨਿਕਲੇ ਜਿੰਨਾ ਦੇ ਫਰੀ ਅਪ੍ਰੇਸ਼ਨ ਕਰਵਾਏ ਜਾਣਗੇ ਅਤੇ ਐਨਕਾਂ ਅਤੇ ਦਵਾਈਆਂ ਫਰੀ ਦਿੱਤੀਆਂ ਜਾਣਗੀਆਂ। ਇਸ ਮੌਕੇ ਤੇ ਡੇਰਾ ਗੰਗਪੁਰੀ ਦੀ ਪ੍ਰਬੰਧਕ ਕਮੇਟੀ ਅਤੇ ਸਮੂਹ ਮੈਂਬਰ ਹਾਜ਼ਰ ਸਨ







# ਗ੍ਰਾਮ ਪੰਚਾਇਤ ਕਲੇਰਾਂ ਵੱਲੋਂ ਸਲਾਨਾ ਇਨਾਮ ਵੰਡ ਸਮਾਰੋਹ 'ਚ ਵਿਦਿਆਰਥੀਆਂ ਨੂੰ ਕੀਤਾ ਸਨਮਾਨਿਤ

**ਸ਼ੇਰਪੁਰ/ਲੋਕ ਬਾਣੀ**

ਹਰ ਸਾਲ ਦੀ ਤਰ੍ਹਾ ਇਸ ਸਾਲ ਵੀ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਪਿੰਡ ਕਲੇਰਾਂ ਵਿਖੇ ਸਰਪੰਚ ਅਮਨਦੀਪ ਸਿੰਘ ਚਹਿਲ ਅਤੇ ਸਮੂਹ ਗ੍ਰਾਮ ਪੰਚਾਇਤ ਪਿੰਡ ਕਲੇਰਾਂ ਵਲੋ ਪਹਿਲੀ ਕਲਾਸ ਤੋ ਪੰਜਵੀ ਕਲਾਸ ਤੱਕ ਦੇ ਬੱਚੇ ਜੋ ਚੰਗੇ ਨੰਬਰ ਲੈਕੇ ਸਥਾਨ ਪ੍ਰਾਪਤ ਕਰਦੇ ਹਨ ਉਹਨਾ ਦੀ ਹੌਂਸਲਾ ਅਫਜਾਈ ਲਈ ਇਨਾਮ ਅਤੇ ਨਰਸਰੀ ਵਾਲੇ ਬੱਚਿਆ ਨੂੰ ਕਿਤਾਬਾ ਕਾਪੀਆ ਭੇਟ ਕੀਤੀਆਂ ਤਾ ਜੋ ਬੱਚਿਆ ਦਾ ਪੜਾਈ ਵਿਚ ਮਨ ਲੱਗੇ ।ਸਰਪੰਚ ਅਮਨਦੀਪ ਸਿੰਘ ਚਹਿਲ ਨੇ ਜਿਥੇ ਬੱਚਿਆ ਨੂੰ ਪਾਸ ਹੋ ਕੇ ਅਗਲੀ ਕਲਾਸ ਵਿੱਚ ਜਾਣ ਦੀ ਵਧਾਈ ਦਿੱਤੀ ਉਥੇ ਹੀ ਮਾਪਿਆ ਨੂੰ ਬੱਚਿਆ ਵੱਲ ਵਿਸੇਸ਼ ਧਿਆਨ ਦੇਣ ਲਈ ਕਿਹਾ ਤਾ ਜੋ ਉਹ ਹੋਰ ਵੀ ਵਧੀਆ ਨੰਬਰ ਪ੍ਰਾਪਤ ਕਰਨ ਸਕਣ , ਪੰਜਵੀ ਕਲਾਸ ਦਾ ਨਤੀਜਾ ਨਾ ਆਉਣ ਕਰਕੇ ਉਹਨਾ ਦਾ ਸਮਾਗਮ ਬਾਕੀ ਰੱਖਿਆ ਗਿਆ ਹੈ , ਮੁੱਖ ਅਧਿਆਪਕ ਗੁਰਪ੍ਰੀਤ ਕੌਰ ਨੇ ਆਏ ਹੋਏ ਸਾਰੇ ਮਹਿਮਾਨਾ ਦਾ ਧੰਨਵਾਦ ਕੀਤਾ ਅਤੇ ਸਕੂਲ ਵਲੋ ਸਰਪੰਚ ਅਤੇ ਗ੍ਰਾਮ ਪੰਚਾਇਤ ਕਲੇਰਾ ਦਾ ਵਿਸੇਸ਼ ਸਨਮਾਨ ਕੀਤਾ ਗਿਆ । ਇਸ ਮੋਕੇ ਸਕੂਲ ਅਧਿਆਪਕ ਮਨਦੀਪ ਸਿੰਘ ਚਾਂਗਲੀ, ਮੇਜਰ ਸਿੰਘ ਪੰਚ, ਭਿੰਦਰ ਸਿੰਘ ਪੰਚ, ਗੁਰਜੰਟ ਸਿੰਘ ਪੰਚ, ਗੁਰਜੰਟ ਸਿੰਘ ਔਲਖ, ਸਤਪਾਲ ਸਿੰਘ ਅਤੇ ਬੱਚਿਆ ਦੇ ਮਾਪੇ ਹਾਜਰ ਸਨ।



# ਪੰਜਾਬ 'ਚ ਆਪ ਸਰਕਾਰ ਆਉਣ ਤੇ ਵੀ ਨਕੋਦਰ ਹਲਕੇ ਦਾ ਕੋਈ ਸੁਧਾਰ ਨਹੀਂ ਹੋਇਆ- NRI ਚਾਹਲ

**ਜਲੰਧਰ/ਲੋਕ ਬਾਣੀ**

ਪੰਜਾਬ ਦੀ ਧਰਤੀ ਦੇ ਜੰਮਪਲ ਅਤੇ ਵਿਦੇਸ਼ਾਂ ਚ ਵਸਦੇ ਲੱਖਾਂ ਪੰਜਾਬੀਆਂ ਨੇ ਅਕਾਲੀਆਂ ਅਤੇ ਕਾਂਗਰਸੀਆਂ ਨੂੰ ਸਬਕ ਸਿਖਾਉਣ ਲਈ ਇਸ ਵਾਰ ਆਪਣਾ ਅਹਿਮ ਰੋਲ ਅਦਾ ਕਰਦਿਆਂ ਪੰਜਾਬ ਚ ਆਪ ਆਦਮੀ ਪਾਰਟੀ ਦੀ ਸਰਕਾਰ ਬਣਾਈ ਸੀ ਤਾ ਕਿ ਪਿੱਛੇ ਪੰਜਾਬ ਵਸਦੇ ਆਪਣੇ ਪਰਿਵਾਰਾਂ ਅਤੇ ਸਮੂਹ ਪੰਜਾਬੀਆਂ ਨੂੰ ਕੋਈ ਸੁੱਖ ਦਾ ਸਾਹ ਮਿਲ ਸਕੇ ਪਰ ਹੁਣ ਵਿਦੇਸ਼ੀ ਵਸਦੇ ਪੰਜਾਬੀਆਂ ਵਲੋਂ ਆਪ ਸਰਕਾਰ ਦੇ ਕੁਝ ਵਿਧਾਇਕਾਂ ਖ਼ਿਲਾਫ ਨਿਰਾਜਗੀ ਸ਼ੁਰੂ ਹੋ ਗਈ ਹੈ ਜਲੰਧਰ ਦੇ ਨਕੋਦਰ ਹਲਕੇ ਦੇ ਕੈਨੇਡਾ ਚ ਰਹਿ ਰਹੇ ਉਘੇ ਸਮਾਜ ਸੇਵਕ, ਮਸ਼ਹੂਰ ਪੰਜਾਬੀ ਗਾਇਕ ਸੁਖਦੇਵ ਸਿੰਘ ਚਾਹਲ ਨੇ ਦਸਿਆ ਕਿ ਨਕੋਦਰ ਦੇ ਸ਼ਹਿਰੀ ਅਤੇ ਦਿਹਾਤੀ ਖੇਤਰ ਦੇ ਹਾਲਾਤ ਬਹੁਤ ਮਾੜੇ ਹੋ ਚੁੱਕੇ ਹਨ ਜੋ ਆਪ ਦੀ ਸਰਕਾਰ ਆਉਣ ਨਾਲ ਨਕੋਦਰ ਹਲਕੇ ਦਾ ਕੋਈ ਖਾਸ ਸੁਧਾਰ ਨਹੀਂ ਹੋਇਆ।



ਚਾਹਲ ਨੇ ਕਿਹਾ ਕਿ ਲੋਕ ਅਜੇ ਵੀ ਪਿਛਲੀਆਂ ਸਰਕਾਰਾਂ ਨੂੰ ਕੋਸ ਰਹੇ ਹਨ ਪਰ ਲੋਕਾਂ ਨੇ ਵੋਟਾਂ ਪਾਈਆ ਸੀ ਬਦਲਾਅ ਦੇ ਨਾਮ ਤੇ, ਲੇਕਿਨ ਨਕੋਦਰ ਸ਼ਹਿਰ ਦੇ ਅੰਦਰ ਦੀਆ ਸੜਕਾਂ ਦਾ ਬੁਰਾ ਹਾਲ , ਟਰੈਫਿਕ ਦਾ ਬੁਰਾ ਹਾਲ ਅਤੇ ਨਕੋਦਰ ਦੇ ਅਨੇਕਾਂ ਹੀ ਕੁਝ ਸਰਕਾਰੀ ਦਫਤਰਾਂ ਚ ਰਿਸ਼ਵਤ ਜਿਉਂ ਦੀ ਤਿਉਂ ਹੀ ਚਲ ਰਹੀ ਹੈ ਉਨਾਂ ਕਿਹਾ ਕਿ ਜਿਨਾਂ ਪਰਵਾਸੀ ਲੋਕਾਂ ਦੀਆ ਜਮੀਨਾਂ ਸੜਕ ਪ੍ਰੋਜੈਕਟ ਚ ਆਈਆ ਓਨਾ ਲੋਕਾਂ ਨੂੰ ਸਰਕਾਰੀ ਦਫਤਰਾਂ ਦੇ ਧਕੇ ਖਾਣੇ ਪੈ ਰਹੇ ਹਨ। ਚਾਹਲ ਨੇ ਕਿਹਾ ਕਿ ਆਪ ਵਿਧਾਇਕ ਤੇ ਤੰਜ ਕਸਦਿਆਂ ਕਿਹਾ ਕਿ ਐਮ ਐਲ ਏ ਤਾ ਇਕ ਹੀ ਹੁੰਦਾ ਹੈ ਪਰ ਹੁਣ ਤਾ ਉਨਾਂ ਲੋਕਾਂ ਦੇ ਸਾਰੇ ਮੈਂਬਰ ਹੀ ਗੱਡੀਆਂ ਝੂਟ ਰਹੇ ਹਨ ਜਿਸ ਨਾਲ ਆਮ ਲੋਕਾਂ ਚ ਮਾੜਾ ਪ੍ਰਭਾਵ ਜਾ ਰਿਹਾ ਹੈ ਉਨਾਂ ਸਥਾਨਿਕ ਵਿਧਾਇਕ ਨੂੰ ਇਹ ਅਪੀਲ ਵੀ ਕੀਤੀ ਕਿ ਬੇਸ਼ਕ ਕਿਸੇ ਨੇ ਵੋਟ ਨਹੀਂ ਵੀ ਪਾਈ ਉਨਾਂ ਲੋਕਾਂ ਤੇ ਝੂਠੇ ਪਰਚੇ ਨਾ ਕਰਵਾਓ ਪਾਰਟੀਬਾਜੀ ਤੋਂ ਉੱਪਰ ਉੱਠ ਕੇ ਨਕੋਦਰ ਹਲਕੇ ਦੇ ਵਿਕਾਸ ਕੰਮ ਕਰਵਾਓ , ਓਨਾ ਆਪ ਸਰਕਾਰ ਨੇ ਮੁੱਖ ਮੰਤਰੀ ਨੂੰ ਅਪੀਲ ਕਰਦਿਆਂ ਕਿਹਾ ਕਿ ਲੋਕ ਸਭਾ ਦੀ ਜਿਮਨੀ ਚੋਣ ਲਈ ਉਹ ਚਿਹਰਾ ਖੜਾ ਕਰੋ ਜਿਹੜਾ ਆਮ ਜਨਤਾ ਦੀ ਆਵਾਜ ਬਣ ਸਕੇ ਨਹੀਂ ਤਾ ਪੰਜਾਬ ਦੇ ਵਿਦੇਸ਼ ਅਤੇ ਦੇਸ਼ ਚ ਵਸਦੇ ਬਹਾਦੁਰ ਲੋਕ ਤੁਹਾਡੀ ਸਰਕਾਰ ਤੋਂ ਅਕਾਲੀ ਅਤੇ ਕਾਂਗਰਸ ਦੀਆ ਪਿਛਲੀਆਂ ਸਰਕਾਰਾਂ ਵਾਂਗ ਨਾਰਾਜ ਹੋ ਜਾਣਗੇ

# CIA STATT ਜਲੰਧਰ ਵੱਲੋਂ ਕਾਰਵਾਈ ਕਰਦੇ ਹੋਏ 01 ਨਸ਼ਾ ਤਸਕਰ ਨੂੰ ਕਾਬੂ ਕਰਕੇ ਉਸ ਪਾਸੋ 5 ਕਿੱਲੋ ਗਾਂਜਾ ਸਮੇਤ

**ਜਲੰਧਰ/ਲੋਕ ਬਾਣੀ**

ਮਾਨਯੋਗ ਕਮਿਸ਼ਨਰ ਪੁਲਿਸ ਸਾਹਿਬ ਜਲੰਧਰ ਸ਼੍ਰੀ ਕੁਲਦੀਪ ਸਿੰਘ ਚਹਿਲ IPS, ਜੀ ਦੇ ਦਿਸ਼ਾ ਨਿਰਦੇਸ਼ਾਂ ਅਤੇ ਸ੍ਰੀ ਅੰਕੁਰ ਗੁਪਤਾ IPS.DCP/Inv. ਸ਼੍ਰੀ ਕੰਵਲਪ੍ਰੀਤ ਸਿੰਘ ਚਾਹਲ PPS, ADCP-Inv, ਅਤੇ ਸ਼੍ਰੀ ਪਰਮਜੀਤ ਸਿੰਘ, PPS, ACP-Detective ਅਤੇ ਹੋਰ ਸੀਨੀਅਰ ਅਫਸਰਾਨ ਬਾਲਾਂ ਵਲੋਂ ਸਮੇਂ-ਸਮੇਂ ਮਿਲ ਰਹੀਆਂ ਹਦਾਇਤਾ ਅਨੁਸਾਰ ਪੁਲਿਸ ਵਲੋਂ ਨਸ਼ੇ ਦੀ ਰੋਕਥਾਮ ਸਬੰਧੀ ਚਲਾਈ ਹੋਈ ਮੁਹਿੰਮ ਤਹਿਤ ਨਸ਼ੇ ਦਾ ਕਾਰੋਬਾਰ ਕਰਨ ਵਾਲਿਆ ਖਿਲਾਫ ਇੰਚਾਰਜ CIA STATT ਜਲੰਧਰ ਵੱਲੋਂ ਕਾਰਵਾਈ ਕਰਦੇ ਹੋਏ 01 ਨਸ਼ਾ ਤਸਕਰ ਨੂੰ ਕਾਬੂ ਕਰਕੇ ਉਸ ਪਾਸੋ 5 ਕਿੱਲੋ ਗਾਂਜਾ ਸਮੇਤ ਬ੍ਰਾਮਦ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ।ਮਿਤੀ 01-04-2023 ਨੂੰ CIA STAFF ਦੀ ਪੁਲਿਸ ਟੀਮ ਇੰਚਾਰਜ CIA STAFF ਜਲੰਧਰ ਦੀ ਅਗਵਾਈ ਹੇਠ ਬਾਏ ਨਾਕਾ ਬੰਦੀ ਗਸਤ ਬਾ ਚੈਕਿੰਗ ਸਮੇਤ ਲੈਪਟੋਪ ਪ੍ਰਿੰਟਰ ਫੋਕਲ ਟੀ-ਪੁਆਇੰਟ ਚੋਕ ਜਲੰਧਰ



ਮੌਜੂਦ ਸੀ ਕਿ ਗਦੇਈਪੁਰ ਵੱਲੋਂ ਇੱਕ ਔਰਤ ਪੈਦਲ ਆਉਂਦੀ ਦਿਖਾਈ ਦਿੱਤੀ ਜਿਸ ਨੇ ਸਿਰ ਉੱਪਰ ਇੱਕ ਵਜਨਦਾਰ ਬੋਰਾ ਪਲਾਸਟਿਕ ਚੁੱਕਿਆ ਹੋਇਆ ਸੀ।ਜੋ ਸਾਹਮਣੇ ਖੜੀ ਪੁਲਿਸ ਪਾਰਟੀ ਨੂੰ ਵੇਖ ਕੇ ਯਕਦਮ ਘਬਰਾ ਕੇ ਪਿੱਛੇ ਨੂੰ ਮੋੜਨ ਲੱਗੀ ਤਾ ਸੀ.ਆਈ.ਏ.ਸਟਾਫ ਦੀ ਟੀਮ ਨੇ ਕਾਬੂ ਕਰਕੇ ਨਾਮ ਪਤਾ ਪੁੱਛਿਆ ਜਿਸ ਨੇ ਆਪਣਾ ਨਾਮ ਅਨੀਤਾ ਦੇਵੀ ਪਤਨੀ ਕਾਮਤਾਕੇਵਟ ਵਾਸੀ ਪਿੰਡ ਪ੍ਰਨਾਮਾ ਬਿਗਾ ਜਿਲਾ ਲਲੰਦਾ ਬਿਹਾਰ ਹਾਲ ਵਾਸੀ ਕਿਰਾਏਦਾਰ ਨਿੱਕ ਰਾਜਾ ਗਾਰਡਨ ਜਲੰਧਰ ਦੱਸਿਆ।ਜਿਸ ਦੇ ਸਿਰ ਦੇ ਉੱਪਰ ਬੁਰਾ ਪਲਾਸਟਿਕ ਦੀ ਤਲਾਸ਼ੀ ਕਰਨ ਤੇ 5 ਕਿੱਲੋ ਗਾਂਜਾ ਬ੍ਰਾਮਦ ਹੋਈਆਂ।ਜਿਸਤੇ ਦੋਸ਼ਣ ਵਿਰੁੱਧ ਕਾਰਵਾਈ ਕਰਦੇ ਹੋਏ ਥਾਣਾ ਡਵੀਜਨ ਨੰਬਰ 8 ਜਲੰਧਰ ਵਿਖੇ ਮੁਕੱਦਮਾ ਨੰਬਰ 63 ਮਿਤੀ 02-04-2023 ਅਧ:20-61-85 NDPS ACT ਦਰਜ ਰਜਿਸਟਰ ਕੀਤਾ ਗਿਆ ਅਤੇ ਹੇਠ ਲਿਖੇ ਦੋਸ਼ਣ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਦੋਸ਼ਣ ਪਾਸੋ ਸਖਤੀ ਨਾਲ ਪੁੱਛ-ਗਿੱਛ ਕੀਤੀ ਜਾ ਰਹੀ ਹੈ।

# ਸ਼ਰਧਾਲੂਆਂ ਦਾ ਦਸਵਾਂ ਜੱਥਾ ਕਰਤਾਰਪੁਰ ਸਾਹਿਬ (ਪਾਕਿ) ਯਾਤਰਾ ਕਰਕੇ ਪਰਤਿਆ ਵਾਪਿਸ

**ਸਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਅਸਥਾਨ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਕਰਤਾਰਪੁਰ ਸਾਹਿਬ (ਪਾਕਿਸਤਾਨ) ਦੇ ਦਰਸ਼ਨਾਂ ਲਈ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਵਲੋਂ ਭੇਜਿਆ ਗਿਆ 131 ਮੈਂਬਰਾਂ ਦਾ ਦਸਵਾਂ ਜੱਥਾ ਦਰਸ਼ਨ ਦੀਦਾਰ ਕਰਕੇ ਦੇਰ ਰਾਤ ਵਾਪਿਸ ਪਰਤ ਆਇਆ ।ਇਹ ਜਾਣਕਾਰੀ ਦਿੰਦਿਆਂ ਹੋਇਆਂ ਸੋਸਾਇਟੀ ਦੇ ਮੁੱਖ ਸੇਵਾਦਾਰ ਸੁਰਜੀਤ ਸਿੰਘ ਨੇ ਦੱਸਿਆ ਕਿ ਦੇਸ਼ ਦੀ ਵੰਡ ਮਗਰੋਂ ਹਰ ਨਾਨਕ ਨਾਮ ਲੇਵਾ ਹਰ ਸਿੱਖ ਵਲੋਂ ਜੋ ਰੋਜਾਨਾ ਅਰਦਾਸ ਕਿ 'ਜਿਨਾ ਗੁਰਧਾਮਾਂ ਨੂੰ ਪੰਥ ਤੋਂ ਵਿਛੋੜਾ ਗਿਆ ਹੈ ਉਨਾ ਦੇ ਖੁਲੇ ਦਰਸ਼ਨ ਦੀਦਾਰ ਪਿਆਰੇ ਖਾਲਸਾ ਜੀ ਨੂੰ ਬਖਸ਼ੋ' ਉਹ ਅਰਦਾਸ ਕਰੀਬ 72 ਸਾਲ ਪ੍ਰਵਾਨ ਹੋਈ। ਅੱਜ ਹਰ ਦੇਸ਼ ਵਾਸੀ ਬਿਨਾਂ ਵੀਜਾ ਤੋਂ ਉਸ ਅਸਥਾਨ ਦੇ ਦਰਸ਼ਨ ਕਰ ਸਕਦਾ ਹੈ। ਖੁਲੇ ਦਰਸ਼ਨ ਦੀਦਾਰ ਦੇ ਸੰਕਲਪ ਦੀ ਪੂਰਤੀ ਵਿੱਚ ਆਪਣਾ ਯੋਗਦਾਨ ਪਾਉਣ ਲਈ ਵਾਹਿਗਰੂ ਦੀ ਕਿਰਪਾ ਸਦਕਾ ਗੁਰੂ ਨਾਨਕ ਮਿਸ਼ਨ ਸੇਵਾ ਸੋਸਾਇਟੀ ਹਰ ਮਹੀਨੇ ਕਰਤਾਰਪੁਰ ਸਾਹਿਬ ਦੀ ਯਾਤਰਾ



ਲਈ ਜੱਥੇ ਭੇਜਣ ਦੀ ਸੇਵਾ ਕਰ ਰਹੀ ਹੈ। ਇਸ ਲੜੀ ਤਹਿਤ ਪਿਛਲੇ ਇਕ ਸਾਲ ਦੌਰਾਨ ਸ਼ਰਧਾਲੂਆਂ ਦਾ ਜੱਥਾ ਦਸਵਾਂ ਜੱਥਾ ਇਸ ਅਸਥਾਨ ਦੇ ਦਰਸ਼ਨ ਕਰਕੇ ਦੇਰ ਰਾਤ ਵਾਪਿਸ ਪਰਤਿਆ ।ਇਹ ਯਾਤਰਾ ਪ੍ਰਤੀ ਜੱਥੇ ਦੇ ਮੈਂਬਰਾਂ ਵਿਚ ਭਾਰੀ ਉਤਸ਼ਾਹ ਸੀ ਅਤੇ ਜੈਕਾਰਿਆਂ ਦੀ ਗੂੰਜ ਦੌਰਾਨ ਸੰਗਤਾਂ ਡੇਰਾ ਬਾਬਾ ਨਾਨਕ ਟਰਮੀਨਲ ਰਾਹੀਂ ਬਾਰਡਰ ਕਰਾਸ ਕਰਕੇ ਪਾਕਿਸਤਾਨ ਵਿਖੇ ਦਾਖਲ ਹੋਈਆਂ। ਦਰਬਾਰ ਸਾਹਿਬ ਵਿਖੇ ਨਤਮਸਤਕ ਹੋਣ ਉਪਰੰਤ ਗੁਰਦੁਆਰਾ ਸਾਹਿਬ ਦੇ ਹੈੱਡ ਗ੍ਰੰਥੀ ਅਤੇ ਮੁੱਖ ਪ੍ਰਬੰਧਕ ਭਾਈ ਗੋਬਿੰਦ ਸਿੰਘ ਵਲੋਂ ਸਮੁੱਚੇ ਜੱਥੇ ਨੂੰ ਜੀ ਆਇਆਂ ਕਿਹਾ ਗਿਆ। ਉਨਾਂ ਨੇ ਕਿਹਾ ਜਿੱਥੇ ਸਮੁੱਚੇ ਭਾਰਤ ਵਾਲੇ ਪਾਸਿਉਂ ਸੰਗਤਾਂ ਰੋਜ ਇਸ ਅਸਥਾਨ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਕਰਦੀਆਂ ਹਨ ਉੱਥੇ ਨਵਾਂਸ਼ਹਿਰ ਦੇ ਇਲਾਕੇ ਤੋਂ ਵੱਡੀ ਗਿਣਤੀ ਵਿਚ ਆਉਣ ਵਾਲੀਆਂ ਸੰਗਤਾਂ ਦਾ ਵਿਸ਼ੇਸ਼ ਯੋਗਦਾਨ ਹੈ ।ਉਨਾ ਕਿਹਾ ਕਿ ਗੁਰੂ ਸਾਹਿਬ ਦੀ ਕਿਰਪਾ ਸਦਕਾ ਗੁਰੂ ਨਾਨਕ ਮਿਸ਼ਨ ਸੇਵਾ ਸੋਸਾਇਟੀ ਹਰ ਮਹੀਨੇ ਹੀ ਨਹੀਂ ਬਲਕਿ ਮਹੀਨੇ ਵਿਚ ਦੋ ਦੋ ਸੰਗਤਾਂ ਦੇ ਜੱਥੇ ਭੇਜਕੇ ਇਸ ਸੇਵਾ ਲਈ ਅਹਿਮ ਭੂਮਿਕਾ ਨਿਭਾ ਰਹੀ ਹੈ ਅਤੇ ਇਹ ਇਕ ਸ਼ਲਾਘਾਯੋਗ ਉਪਰਾਲਾ ਹੈ। ਇਸ ਜੱਥੇ ਦੇ ਨਾਲ ਗਏ ਭਾਈ ਮਨਜੀਤ ਸਿੰਘ ਵਲੋਂ ਗੁਰਦੁਆਰਾ ਸਾਹਿਬ ਵਿਖੇ ਕੀਰਤਨ ਦੀ ਹਾਜਰੀ ਵੀ ਭਰੀ ਗਈ। ਦੀਵਾਨ ਦੀ ਸਮਾਪਤੀ ਉਪਰੰਤ ਜੱਥੇ ਵਲੋਂ ਭਾਈ ਗੋਬਿੰਦ ਸਿੰਘ, ਮੀਤ ਗ੍ਰੰਥੀ ਭਾਈ ਚਾਂਦ ਸਿੰਘ ਅਤੇ ਸਹਾਇਕ ਗ੍ਰੰਥੀ ਰਕੇਸ਼ ਸਿੰਘ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਗੁਰਦੁਆਰਾ ਸਾਹਿਬ ਵਲੋਂ ਵੀ ਜੱਥੇ ਦੇ ਨਾਲ ਗਏ ਮੈਂਬਰਾਂ ਨੂੰ ਸਿਰੋਪਿਆਂ ਦੀ ਬਖਸ਼ਿਸ਼ ਕੀਤੀ ਗਈ। ਉਨਾ ਵਲੋਂ ਦੱਸਿਆ ਗਿਆ ਕਿ ਹਰ ਵਾਰ ਦੀ ਤਰਾਂ ਸੰਗਤਾਂ ਨਵਾਂਸ਼ਹਿਰ ਤੋ ਚਲ ਕੇ ਪਹਿਲਾਂ ਗੁਰੂ ਤੇਗ ਬਹਾਦਰ ਜੀ ਦੇ ਪਾਵਨ ਅਸਥਾਨ ਬਾਬਾ ਬਕਾਲਾ ਸਾਹਿਬ ਵਿਖੇ ਨਤਮਸਤਕ ਹੋਈਆਂ ਅਤੇ ਇਸ ਅਸਥਾਨ ਦੇ ਵੀ ਸੰਗਤਾਂ ਨੂੰ ਦਰਸ਼ਨ ਦੀਦਾਰ ਕਰਵਾਏ ਗਏ।

ਗੁਰੂ ਨਾਨਕ ਮਿਸ਼ਨ ਸੇਵਾ ਸੋਸਾਇਟੀ ਵਲੋਂ ਅਗਲਾ ਅਤੇ ਗਿਆਰਵਾਂ ਜੱਥਾ 05 ਅਪ੍ਰੈਲ ਨੂੰ ਕਰਤਾਰਪੁਰ ਸਾਹਿਬ ਦੀ ਯਾਤਰਾ ਲਈ ਭੇਜਿਆ ਜਾਵੇਗਾ। ਇਸ ਜੱਥੇ ਦੇ ਮੈਂਬਰਾਂ ਵਿਚ ਉੱਤਮ ਸਿੰਘ ਸੇਠੀ, ਬਲਵੰਤ ਸਿੰਘ ਸੋਇਤਾ, ਹਕੀਕਤ ਸਿੰਘ, ਹਰਵਿੰਦਰ ਸਿੰਘ ਪੂਜਾ ਸਿਲਕ ਸਟੋਰ, ਹਰਦੀਪ ਸਿੰਘ ਗੜ ਪਧਾਣਾ, ਪਿਆਰਾ ਸਿੰਘ ਕੈਨੇਡਾ ਵਾਲੇ, ਗੁਰਦੀਪ ਸਿੰਘ, ਪਰਮਜੀਤ ਸਿੰਘ ਕਾਹਮਾ, ਅਜੀਤ ਸਿੰਘ ਝਿੱਕਾ ਵੀ ਮੌਜੂਦ ਸਨ।

# ਇੰਟਰਨੈਟ ਤੋਂ ਬਿਨਾਂ ਅਧਿਐਨ

ਇਹ ਚਿੰਤਾਜਨਕ ਤੱਥ ਹੈ ਕਿ ਦੇਸ਼ ਦੇ 10 ਲੱਖ ਸਰਕਾਰੀ ਸਕੂਲਾਂ ਵਿੱਚੋਂ ਸਿਰਫ਼ 2.47 ਲੱਖ ਸਕੂਲਾਂ ਵਿੱਚ ਹੀ ਇੰਟਰਨੈੱਟ ਦੀ ਸਹੂਲਤ ਹੈ। ਇਹ ਗਿਣਤੀ ਸਿਰਫ਼ 24 ਫ਼ੀਸਦੀ ਹੈ। ਦਿੱਲੀ ਅਤੇ ਚੰਡੀਗੜ੍ਹ ਆਪਣੇ ਆਪ ਨੂੰ ਇਸ ਤੱਥ 'ਤੇ ਥੋਪ ਸਕਦੇ ਹਨ ਕਿ ਸਕੂਲਾਂ ਵਿੱਚ 100 ਪ੍ਰਤੀਸ਼ਤ ਇੰਟਰਨੈਟ ਉਪਲਬਧ ਹੈ। ਵੈਸੇ, ਦੇਸ਼ ਦੀ ਰਾਜਧਾਨੀ ਦਿੱਲੀ ਅਤੇ ਦੋਵਾਂ ਰਾਜਾਂ ਦੀ ਰਾਜਧਾਨੀ ਚੰਡੀਗੜ੍ਹ ਵਿੱਚ ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਕਹੀ ਜਾਣੀ ਚਾਹੀਦੀ ਕਿਉਂਕਿ ਇਹ ਸ਼ਹਿਰ ਦੇਸ਼ ਦੇ ਨੀਤੀ-ਘਾੜਿਆਂ ਦੇ ਕੇਂਦਰ ਹਨ ਅਤੇ ਇੱਥੋਂ ਦਾ ਢਾਂਚਾਗਤ ਢਾਂਚਾ ਮਜ਼ਬੂਤ ਹੈ। ਪਰ ਦੂਜੇ ਰਾਜਾਂ ਵਿੱਚ ਪੰਜਾਬ ਦਾ ਬਿਹਤਰ ਪ੍ਰਦਰਸ਼ਨ ਸੁਖਦ ਹੈ। ਪੰਜਾਬ ਦੇ ਕਰੀਬ 47 ਫੀਸਦੀ ਸਰਕਾਰੀ ਸਕੂਲਾਂ ਵਿੱਚ ਇੰਟਰਨੈੱਟ ਦੀ ਸਹੂਲਤ ਉਪਲਬਧ ਕਰਵਾਈ ਗਈ ਹੈ। ਬਿਨਾਂ ਸ਼ੱਕ ਇਸ ਦਾ ਸਿਹਰਾ ਸਿੱਖਿਆ ਵਿਭਾਗ ਦੀ ਸਰਗਰਮੀ ਅਤੇ ਅਧਿਆਪਕਾਂ ਦੀ ਜਾਗਰੂਕਤਾ ਨੂੰ ਦਿੱਤਾ ਜਾਣਾ ਚਾਹੀਦਾ ਹੈ। ਪਰ ਰਾਸ਼ਟਰੀ ਰਾਜਧਾਨੀ ਦਿੱਲੀ ਨਾਲ ਤਿੰਨ ਪਾਸਿਆਂ ਤੋਂ ਜੁੜੇ ਹਰਿਆਣਾ ਦੇ ਸਰਕਾਰੀ ਸਕੂਲਾਂ ਵਿੱਚ ਇੰਟਰਨੈੱਟ ਦੀ ਉਪਲਬਧਤਾ 29 ਫੀਸਦੀ ਹੈ। ਸਕੂਲਾਂ ਵਿੱਚ ਲੱਖਾਂ ਟੈਬ ਅਤੇ ਲੈਪਟਾਪ ਵੰਡਣ ਅਤੇ ਸਰਕਾਰ ਦੀਆਂ ਕਈ ਮੁਹਿੰਮਾਂ ਦੇ ਬਾਵਜੂਦ ਪ੍ਰਤੀਸ਼ਤ ਘੱਟ ਰਹਿਣਾ ਇੱਕ ਯਕਸ਼ ਸਵਾਲ ਹੈ। ਦੂਜੇ ਪਾਸੇ ਹਿਮਾਚਲ ਪ੍ਰਦੇਸ਼ ਅਤੇ ਜੰਮੂ ਵਿੱਚ 27 ਫੀਸਦੀ ਹੈ ਕਸ਼ਮੀਰ ਦੇ ਸਿਰਫ਼ 22 ਫ਼ੀਸਦੀ ਸਕੂਲਾਂ ਵਿੱਚ ਹੀ ਇੰਟਰਨੈੱਟ ਹੈ। ਦਰਅਸਲ, ਹਾਲ ਹੀ ਵਿੱਚ ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਨੇ ਸੋਮਵਾਰ ਨੂੰ ਲੋਕ ਸਭਾ ਵਿੱਚ ਦੱਸਿਆ ਸੀ ਕਿ ਦੇਸ਼ ਵਿੱਚ ਸਿਰਫ਼ 24 ਫੀਸਦੀ ਸਰਕਾਰੀ ਸਕੂਲਾਂ ਵਿੱਚ ਹੀ ਇੰਟਰਨੈੱਟ ਦੀ ਉਪਲਬਧਤਾ ਹੈ। ਜਿਸ ਵਿੱਚ ਬਿਹਾਰ ਦੀ ਹਾਲਤ ਸਭ ਤੋਂ ਮਾੜੀ ਹੈ ਜਿੱਥੇ ਸਿਰਫ਼ 5.8 ਫ਼ੀਸਦੀ ਸਕੂਲਾਂ ਵਿੱਚ ਹੀ ਇੰਟਰਨੈੱਟ ਦੀ ਸਹੂਲਤ ਹੈ। ਘੱਟ ਜਾਂ ਘੱਟ, ਮਿਜ਼ੋਰਮ ਦੇ 5.9 ਪ੍ਰਤੀਸ਼ਤ ਸਰਕਾਰੀ ਸਕੂਲਾਂ ਵਿੱਚ ਇੰਟਰਨੈਟ ਦੀ ਸਹੂਲਤ ਉਪਲਬਧ ਹੈ। ਉੱਤਰ ਪ੍ਰਦੇਸ਼ ਵਿੱਚ 8.8 ਫੀਸਦੀ ਦੀ ਉਪਲਬਧਤਾ ਵੀ ਚਿੰਤਾਜਨਕ ਸਥਿਤੀ ਨੂੰ ਦਰਸਾਉਂਦੀ ਹੈ। ਇਸੇ ਤਰ੍ਹਾਂ ਓਡੀਸ਼ਾ ਵਿੱਚ ਸਿਰਫ਼ ਅੱਠ ਪ੍ਰਤੀਸ਼ਤ ਸਰਕਾਰੀ ਸਕੂਲਾਂ ਵਿੱਚ ਇੰਟਰਨੈੱਟ ਸੇਵਾ ਉਪਲਬਧ ਹੈ। ਵੱਡੇ ਰਾਜਾਂ ਵਿੱਚੋਂ ਸਭ ਤੋਂ ਸੁਖਦ ਸਥਿਤੀ ਕੇਰਲ ਦੀ ਦੱਸੀ ਜਾਂਦੀ ਹੈ ਜਿੱਥੇ 94.5 ਫੀਸਦੀ ਸਰਕਾਰੀ ਸਕੂਲ ਇੰਟਰਨੈੱਟ ਨਾਲ ਲੈਸ ਹਨ। ਇਸੇ ਤਰ੍ਹਾਂ ਗੁਜਰਾਤ ਦੇ 94.1 ਫੀਸਦੀ ਸਕੂਲਾਂ ਵਿੱਚ ਇੰਟਰਨੈੱਟ ਦੀ ਸਹੂਲਤ ਉਪਲਬਧ ਹੈ। ਅਜਿਹੇ 'ਚ ਇਹ



**ਵਿਜੈ ਗਰਗ**
**ਰਿਟਾਇਰਡ ਪ੍ਰਿੰਸੀਪਲ ਐਜੂਕੇਸ਼ਨਲ ਕਾਲਮਨਵੀਸ ਮਲੋਟ ਪੰਜਾਬ**

ਸਵਾਲ ਉੱਠਣਾ ਸੁਭਾਵਿਕ ਹੈ ਕਿ ਕੋਰੋਨਾ ਸੰਕਟ ਦੌਰਾਨ ਦੇਸ਼ ਵਿਆਪੀ ਲੌਕਡਾਊਨ ਅਤੇ ਹੋਰ ਸੰਚਾਰ ਪਾਬੰਦੀਆਂ ਵਿਚਕਾਰ ਸਰਕਾਰੀ ਸਕੂਲਾਂ 'ਚ ਸਿੱਖਿਆ ਦੀ ਹਾਲਤ ਕੀ ਰਹੀ ਹੋਵੇਗੀ? ਇਨ੍ਹਾਂ ਦੋ ਵਿਘਨ ਵਾਲੇ ਸਾਲਾਂ ਵਿੱਚ ਵਿਦਿਆਰਥੀ ਕਿੰਨਾ ਕੁ ਪੜ੍ਹ ਸਕੇ ਹੋਣਗੇ? ਵੈਸੇ ਵੀ ਇਹਨਾਂ ਸਰਕਾਰੀ ਅੰਕੜਿਆਂ ਨੂੰ ਯਾਦ ਰੱਖੋ ਜੇਕਰ ਇਸ ਨੂੰ ਸਹੀ ਮੰਨ ਵੀ ਲਿਆ ਜਾਵੇ ਤਾਂ ਵੀ ਸਵਾਲ ਇਹ ਪੈਦਾ ਹੁੰਦਾ ਹੈ ਕਿ ਇਨ੍ਹਾਂ ਸਰਕਾਰੀ ਸਕੂਲਾਂ ਵਿੱਚ ਕਿੰਨੇ ਪ੍ਰਤੀਸ਼ਤ ਅਧਿਆਪਕ ਇੰਟਰਨੈੱਟ ਰਾਹੀਂ ਪੜ੍ਹਾਉਣ ਵਿੱਚ ਨਿਪੁੰਨ ਹਨ? ਨਾਲ ਹੀ, ਕੀ ਅਸੀਂ ਕੋਵਿਡ ਮਹਾਂਮਾਰੀ ਵਰਗੀਆਂ ਐਮਰਜੈਂਸੀ ਸਥਿਤੀਆਂ ਨੂੰ ਇੱਕ ਨਵਾਂ ਮੌਕਾ ਬਣਾਉਣ ਤੋਂ ਖੁੰਝ ਗਏ ਹਾਂ? ਇਹ ਸੂਚਨਾ ਅਤੇ ਸੰਚਾਰ ਤਕਨਾਲੋਜੀ ਦਾ ਪੂਰਾ ਲਾਭ ਉਠਾਉਣ ਅਤੇ ਸਰਕਾਰੀ ਸਕੂਲਾਂ ਵਿੱਚ ਇੰਟਰਨੈਟ ਦੀ ਸਹੂਲਤ ਪ੍ਰਦਾਨ ਕਰਨ ਵਿੱਚ ਸ਼ਾਮਲ ਹੋਣ ਦਾ ਮੌਕਾ ਸੀ। ਇਹ ਕਹਿਣਾ ਹੈ ਕਿ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਨੇ ਦਾਅਵਾ ਕੀਤਾ ਸੀ ਕਿ ਸੂਚਨਾ ਅਤੇ ਸੰਚਾਰ ਤਕਨਾਲੋਜੀ ਯਾਨੀ ਆਈਸੀਟੀ ਪ੍ਰਯੋਗਸ਼ਾਲਾਵਾਂ ਅਤੇ ਰਾਜਾਂ ਅਤੇ ਕੇਂਦਰ ਲਈ ਇੱਕ ਹਜ਼ਾਰ ਕਰੋੜ ਰੁਪਏ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਸਮਾਰਟ ਕਲਾਸਾਂ ਲਈ 909.6 ਕਰੋੜ ਰੁਪਏ ਮਨਜ਼ੂਰ ਕੀਤੇ ਗਏ ਹਨ। ਪਰ ਦੇਖਣਾ ਇਹ ਹੈ ਕਿ ਕਿੰਨੇ ਸਕੂਲਾਂ ਨੂੰ ਇਸ ਦਾ ਲਾਭ ਮਿਲਿਆ ਅਤੇ ਉੱਥੇ ਇੰਟਰਨੈੱਟ ਦੀ ਸਹੂਲਤ ਉਪਲਬਧ ਕਰਵਾਈ ਗਈ ਹੈ। ਇਸ ਦੇ ਨਾਲ ਹੀ ਸਿੱਖਿਆ ਮੰਤਰੀ ਨੇ ਇਹ ਵੀ ਕਿਹਾ ਕਿ ਟੈਲੀਕਾਮ ਸਹੂਲਤਾਂ ਨੂੰ ਬਿਹਤਰ ਬਣਾਉਣ ਦੀ ਜ਼ਿੰਮੇਵਾਰੀ ਬੀਐਸਐਨਐਲ ਨੂੰ ਦਿੱਤੀ ਗਈ ਹੈ। ਇਹ ਗੱਲ ਜਾਂਚ ਦੀ ਮੰਗ ਕਰਦੀ ਹੈ ਕਿ ਜ਼ਮੀਨੀ ਪੱਧਰ 'ਤੇ ਸਰਕਾਰ ਦੇ ਇਹ ਯਤਨ ਕਿੰਨੇ ਕੁ ਕਾਰਗਰ ਨਜ਼ਰ ਆਏ ਹਨ। ਪਰ ਇੱਕ ਗੱਲ ਤਾਂ ਤੈਅ ਹੈ ਕਿ ਦੇਸ਼ ਵਿੱਚ ਸਿੱਖਿਆ ਜਗਤ ਵਿੱਚ ਵੰਡ ਕਿੰਨੀ ਡੂੰਘੀ ਹੋ ਚੁੱਕੀ ਹੈ। ਇੱਕ ਪਾਸੇ ਪੰਜ ਤਾਰਾ ਪ੍ਰਾਈਵੇਟ ਸਕੂਲ ਹਨ, ਜਿੱਥੇ ਅਮੀਰ ਵਰਗ, ਨੀਤੀ-ਘਾੜੇ ਅਤੇ ਕੁਲੀਨ ਵਰਗ ਦੇ ਬੱਚੇ ਪੜ੍ਹਦੇ ਹਨ, ਉੱਥੇ ਇੰਟਰਨੈੱਟ ਵਰਗੀ ਮੁੱਢਲੀ ਲੋੜ ਸਰਕਾਰੀ ਸਕੂਲਾਂ ਵਿੱਚ ਉਪਲਬਧ ਨਹੀਂ ਹੈ। ਬਿਨਾਂ ਸ਼ੱਕ, ਗਰੀਬੀ ਸਾਰੀਆਂ ਸਮੱਸਿਆਵਾਂ ਦੀ ਜੜ੍ਹ ਹੈ। ਅਜਿਹੀ ਸਥਿਤੀ ਵਿੱਚ ਕੇਂਦਰ ਅਤੇ ਰਾਜ ਸਰਕਾਰਾਂ ਦੀ ਇਹ ਨੈਤਿਕ ਜ਼ਿੰਮੇਵਾਰੀ ਬਣਦੀ ਹੈ ਕਿ ਸਰਕਾਰੀ ਸਕੂਲਾਂ ਨੂੰ ਵਿਸ਼ਵ ਰੁਝਾਨ ਦੇ ਅਨੁਕੂਲ ਬਣਾਉਣ ਲਈ ਬਿਨਾਂ ਦੇਰੀ ਇੰਟਰਨੈੱਟ ਵਰਗੀਆਂ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਈਆਂ ਜਾਣ। ਨਹੀਂ ਤਾਂ ਅਸੀਂ ਦੇਸ਼ ਵਿੱਚ ਪੜ੍ਹੇ-ਲਿਖੇ ਅਨਪੜ੍ਹਾਂ ਦੀ ਫੌਜ ਬਣਾ ਲਵਾਂਗੇ। ਇਹੀ ਕਾਰਨ ਹੈ ਕਿ ਦੇਸ਼ ਵਿੱਚ ਉੱਚ ਸਿੱਖਿਆ ਹਾਸਲ ਕਰਨ ਵਾਲੇ ਬੇਰੁਜ਼ਗਾਰ ਵਿਦਿਆਰਥੀ ਚੌਥੀ ਸ਼੍ਰੇਣੀ ਨਾਲ ਸਬੰਧਤ ਹਨ ।ਸਰਕਾਰੀ ਨੌਕਰੀਆਂ ਲਈ ਅਪਲਾਈ ਕਰਦੇ ਨਜ਼ਰ ਆ ਰਹੇ ਹਨ। ਦੇਸ਼ ਵਿੱਚ ਸਵੈ-ਸੇਵੀ ਸੰਸਥਾਵਾਂ, ਉਦਯੋਗਪਤੀਆਂ ਅਤੇ ਜ਼ਿੰਮੇਵਾਰ ਨਾਗਰਿਕਾਂ ਨੂੰ ਸਰਕਾਰੀ ਸਕੂਲਾਂ ਨੂੰ ਮੁੱਖ ਧਾਰਾ ਵਿੱਚ ਲਿਆਉਣ ਲਈ ਯੋਗਦਾਨ ਪਾਉਣਾ ਚਾਹੀਦਾ ਹੈ।

# ਖ਼ਾਲਸਾ ਕਾਲਜ ਵੈਟਰਨਰੀ ਵਿਖੇ 'ਇੰਟਰ-ਇੰਟਰਨਸ਼ਿਪ ਕੁਇਜ਼' ਮੁਕਾਬਲਾ ਕਰਵਾਇਆ ਗਿਆ





**ਅੰਮ੍ਰਿਤਸਰ/ਲੋਕ ਬਾਣੀ**


ਖਾਲਸਾ ਕਾਲਜ ਆਫ਼ ਵੈਟਰਨਰੀ ਐਂਡ ਐਨੀਮਲ ਸਾਇੰਸਜ਼ ਵਿਖੇ 'ਇੰਟਰ-ਇੰਟਰਨਸ਼ਿਪ ਕੁਇਜ਼' ਮੁਕਾਬਲਾ ਕਰਵਾਇਆ। ਕਾਲਜ ਪ੍ਰਿੰਸੀਪਲ ਡਾ. ਹਰੀਸ਼ ਕੁਮਾਰ ਵਰਮਾ ਦੀ ਅਗਵਾਈ ਹੇਠ ਇਹ ਕਵਿੱਜ਼ ਮੁਕਾਬਲਾ 2017-18 ਦੇ ਬੀ. ਵੀ. ਐਸਸੀ ਅਤੇ ਏ. ਐਚ. ਵਿਦਿਆਰਥੀਆਂ ਦੇ 2 ਇੰਟਰਨਸ਼ਿਪ ਬੈਚਾਂ ਦਰਮਿਆਨ ਆਯੋਜਿਤ ਕੀਤਾ ਗਿਆ। ਇਹ ਮੁਕਾਬਲਾ ਵਿਦਿਆਰਥੀਆਂ 'ਚ ਉਨ੍ਹਾਂ ਦੇ ਗਿਆਨ ਨੂੰ ਵਧਾਉਣ ਅਤੇ ਸਮੇਂ ਦੀ ਰਫ਼ਤਾਰ ਨਾਲ ਆਧੁਨਿਕ ਤਕਨੀਕ 'ਚ ਤਾਲਮੇਲ ਬਣਾਉਣ ਦੇ ਮਕਸਦ ਤਹਿਤ ਕਰਵਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਪ੍ਰਿੰ: ਡਾ. ਵਰਮਾ ਨੇ ਐਮ. ਡੀ. ਡਾ. ਐਸ. ਕੇ. ਨਾਗਪਾਲ ਨਾਲ ਮਿਲ ਕੇ ਸ਼ਮ ?ਹਾ ਰੌਸ਼ਨ ਕਰਨ ਉਪਰੰਤ ਕਿਹਾ ਕਿ ਮੌਜੂਦਾ ਸਮੇਂ 'ਚ ਦੋਵੇਂ ਬੈਚ ਪੀ. ਸੀ. ਆਈ. ਪਾਠਕ੍ਰਮ ਮੁਤਾਬਕ ਇਕ ਸਾਲ ਦੇ ਲਾਜ਼ਮੀ ਰੋਟੇਟਰੀ ਇੰਟਰਨਸ਼ਿਪ ਪ੍ਰੋਗਰਾਮ ਦੀ ਪ੍ਰੀਕ੍ਰਿਆ 'ਚੋਂ ਗੁਜ਼ਰ ਰਹੇ ਹਨ। ਉਨ੍ਹਾਂ ਕਿਹਾ ਕਿ ਕਾਲਜ ਦੇ ਇੰਟਰਨੀਜ਼ ਨੂੰ ਉਨ੍ਹਾਂ ਦੇ ਕੋਰਸ ਪਾਠਕ੍ਰਮ (ਉਨ੍ਹਾਂ ਦੀ ਸਿਖਲਾਈ






ਲਾਈਵ ਸਟਾਕ ਦੀਆਂ ਵੱਖ-ਵੱਖ ਬਿਮਾਰੀਆਂ ਦੇ ਇਲਾਜ 'ਤੇ ਜ਼ੋਰ ਦਿੰਦੀ ਹੈ) ਦੇ ਅਨੁਸਾਰ ਵੱਡੇ-ਛੋਟੇ ਜਾਨਵਰਾਂ ਦੇ ਇਲਾਜ ਅਤੇ ਪ੍ਰਬੰਧਨ 'ਚ ਉਨ੍ਹਾਂ ਦੇ ਹੁਨਰ ਨੂੰ ਨਿਖਾਰਨ ਲਈ ਚੰਗੀ ਤਰ੍ਹਾਂ ਸਿਖਲਾਈ ਦਿੱਤੀ ਜਾ ਰਹੀ ਹੈ। ਇਸ ਮੌਕੇ ਵੈਟਰਨਰੀ ਮਾਈਕ੍ਰੋਬਾਇਓਲੋਜੀ ਪ੍ਰੋਫੈਸਰ ਅਤੇ ਐਚ. ਓ. ਡੀ. ਡਾ. ਪੀ. ਐਨ. ਦਿਵੇਦੀ ਨੇ ਕੁਇਜ਼ ਮਾਸਟਰ ਵਜੋਂ ਭੂਮਿਕਾ ਨਿਭਾਈ। ਜਦਕਿ ਜਿਊਰੀ ਟੀਮ 'ਚ ਡਾ. ਬਖਸ਼ੀ, ਡਾ: ਗੰਡੋਤਰਾ ਅਤੇ ਡਾ. ਨਰੇਸ਼ ਰਾਮਪਾਲ ਵੀ ਸ਼ਾਮਿਲ ਸਨ। ਇਸ ਮੌਕੇ 2017 ਬੈਚ ਦੀ ਹਿਨਾ, ਮਾਨਸੀ ਅਤੇ ਗੀਤਇੰਦਰ ਸਿੰਘ ਦੀ ਟੀਮ ਜੇਤੂ ਰਹੀ। ਜਦਕਿ 2018 ਬੈਚ ਦੇ ਹਰਮਨਜੋਤ, ਸ਼ੁਭਮ ਅਤੇ ਪਿ ?ਰਆ ਸੋਮਾਨੀ ਦੀ ਟੀਮ ਫ਼ਸਟ ਰਨਰ ਅੱਪ ਰਹੀ ਅਤੇ 2018 ਬੈਚ ਦੇ ਵਿਦਿਆਰਥੀ ਦ੍ਰਿਸ਼ਟੀ, ਅਮਰਵੀਰ ਅਤੇ ਜੋਏਦੀਪ ਨੂੰ ਸੈਕਿੰਡ ਰਨਰ ਅਪ ਐਲਾਨਿਆ ਗਿਆ। ਇਸ ਮੌਕੇ ਪ੍ਰਿੰ: ਡਾ. ਵਰਮਾ ਨੇ ਵਿਦਿਆਰਥੀਆਂ ਦੀ ਹੌਂਸਲਾ ਅਫ਼ਜਾਈ ਵਜੋਂ ਇਨਾਮ ਅਤੇ ਪ੍ਰੇਰਿਤ ਕਰਨ ਲਈ ਸਰਟੀਫਿਕੇਟ ਵੀ ਦਿੱਤੇ ਗਏ। ਉਨ੍ਹਾਂ ਸਮੁੱਚੇ ਪ੍ਰੋਗਰਾਮ ਦੇ ਸਫ਼ਲ 'ਤੇ ਵਿਦਿਆਰਥੀਆਂ ਨੇ ਸਟਾਫ਼ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਅਜਿਹੇ ਮੁਕਾਬਲੇ ਨਿਯਮਿਤ ਅੰਤਰਾਲਾਂ 'ਤੇ ਆਯੋਜਿਤ ਕਰਨ ਲਈ ਉਤਸ਼ਾਹਿਤ ਕੀਤਾ। ਉਨ੍ਹਾਂ ਕਿਹਾ ਕਿ ਅਜਿਹੀ ਪ੍ਰਤੀਯੋਗਤਾ ਯਕੀਨੀ ਤੌਰ 'ਤੇ ਬੇਹਤਰ ਸੰਭਾਵੀ ਲਈ ਆਪਸ 'ਚ ਸਕਾਰਾਤਮਕ ਮੁਕਾਬਲੇ ਦੀ ਸ਼ੁਰੂਆਤ ਕਰੇਗੀ। ਉਨ੍ਹਾਂ ਕਿਹਾ ਕਿ ਵੈਟਰਨਰੀ ਡਾਕਟਰਾਂ ਲਈ ਰਾਜ ਅਤੇ ਕੇਂਦਰ ਸਰਕਾਰ ਦੇ ਯੂਨੀਵਰਸਿਟੀਆਂ, ਸਹਿਕਾਰੀ, ਫੌਜ, ਬੈਂਕ, ਬੀਮਾ ਜਾਂ ਫਾਰਮਾਸਿਊਟੀਕਲ ਖੇਤਰ 'ਚ ਸੇਵਾਵਾਂ ਨਿਭਾਉਣ ਸਬੰਧੀ ਕਈ ਅਵਸਰ ਹਨ ਅਤੇ ਇਸ ਤੋਂ ਇਲਾਵਾ ਉਹ ਡੇਅਰੀ, ਬੱਕਰੀ, ਸੂਰ, ਮੁਰਗੀ ਅਤੇ ਹੋਰ ਪਸ਼ੂ ਉਤਪਾਦਨ ਯੂਨਿਟਾਂ 'ਚ ਵੀ ਸਫਲ ਉੱਦਮੀ ਬਣ ਸਕਦੇ ਹਨ। ਇਸ ਮੌਕੇ ਡਾ. ਪੀ. ਐਸ. ਮਾਵੀ ਨੇ ਧੰਨਵਾਦ ਦਾ ਮਤਾ ਪੇਸ਼ ਕੀਤਾ। ਇਸ ਤੋਂ ਇਲਾਵਾ ਡਾ. ਵਰਮਾ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਪਸ਼ੂ ਪਾਲਕਾਂ ਦੀ ਵਿੱਤੀ ਸਥਿਤੀ ਨੂੰ ਸੁਧਾਰਨ ਲਈ ਚੰਗੀ ਤਰ੍ਹਾਂ ਸਿੱਖਿਅਤ ਪਸ਼ੂ ਚਿਕਿਤਸਕਾਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੈ ਅਤੇ ਇਹ ਮੁਕਾਬਲਾ ਭਵਿੱਖ ਦੇ ਇੰਟਰਨੀਆਂ ਦੀ ਬੇਹਤਰੀ ਲਈ ਰੁਝਾਨ ਤੈਅ ਕਰੇਗਾ।

# ਮਿੰਨੀ ਕਹਾਣੀ : ਵਿਟਾਮਿਨ ਡੀ





ਸਿਹਤ ਸੰਬੰਧੀ ਕੁਝ ਸਮੱਸਿਆ ਆ ਜਾਣ 'ਤੇ ਮੈਂ ਡਾਕਟਰ ਨੂੰ ਦਿਖਾਇਆ ਤਾਂ ਉਸ ਨੇ ਪਰਚੀ 'ਤੇ ਕੁਝ ਦਵਾਈ ਲਿਖ ਕੇ ਦਿੱਤੀ। ਮੈਡੀਕਲ ਸਟੋਰ 'ਤੇ ਮੈਂ ਦਵਾਈ ਲੈ ਰਿਹਾ ਸੀ ਤਾਂ ਇੱਕ ਜਾਣਕਾਰ ਵਿਅਕਤੀ ਮਿਲ ਗਿਆ। ਕੁਝ ਗੱਲਬਾਤ ਹੋਣ ਤੋਂ ਬਾਅਦ ਦਵਾਈਆਂ ਵੱਲ ਦੇਖਦਿਆਂ ਉਹ ਬੋਲਿਆ , ਵਿਟਾਮਿਨ ' ਡੀ ' ਦੀ ਘਾਟ ਪੂਰੀ ਕਰਨ ਦੀ ਦਵਾਈ ਹੈ ਇਹ। ਉਹ ਅੱਗਿਓਂ ਫਿਰ ਬੋਲਿਆ , ਮਾਸਟਰ ਜੀ ! ਮੱਛੀ ਖਾਓ , ਸਭ ਠੀਕ ਹੋ ਜਾਊ । ਘਰ ਵਾਪਸ ਆਉਂਦੇ - ਆਉਂਦੇ ਮੇਰੇ ਦਿਮਾਗ਼ ਵਿੱਚ ਇਹੋ ਗੱਲ ਘੁੰਮ ਰਹੀ ਸੀ ਮੱਛੀ ਖਾਓ ਤੇ ਮੈਂ ਸੋਚਦਾ ਆ ਰਿਹਾ ਸੀ ਕਿ ਕੁਦਰਤ ਦੇ ਕਿਸੇ ਪ੍ਰਾਣੀ ਦੀ ਹੱਤਿਆ ਕਰ ਕੇ ਉਸ ਨੂੰ ਆਪਣਾ ਗ੍ਰਾਸ ਬਣਾਉਣਾ ਕਿੱਥੋਂ ਤੱਕ ਸਹੀ ਹੈ ? ਕੀ ਕਿਸੇ ਪ੍ਰਾਣੀ ਦੀ ਹੱਤਿਆ ਨਾਲ ਹੀ ਵਿਟਾਮਿਨਾਂ ਦੀ ਘਾਟ ਪੂਰੀ ਹੋ ਸਕਦੀ ਹੈ ?

**ਲੇਖਕ : ਸਟੇਟ ਐਵਾਰਡੀ**
**ਮਾਸਟਰ ਸੰਜੀਵ ਧਰਮਾਣੀ**
**ਇੰਡੀਆ ਬੁੱਕ ਆੱਫ਼ ਰਿਕਾਰਡਜ਼ ਹੋਲਡਰ**
**ਸ੍ਰੀ ਅਨੰਦਪੁਰ ਸਾਹਿਬ**

ਅਦਾਰਾ ਲੋਕ ਬਾਣੀ ਵਿੱਚ ਛਾਪੀਆਂ ਜਾਂਦੀਆਂ ਖ਼ਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇਨ੍ਹਾਂ ਤੱਥਾਂ ਦੀ ਪੜ੍ਹਤਾਲ, ਪੁਸ਼ਟੀ ਕਰ ਲੈਣ। ਰੋਜਾਨਾ ਲੋਕ ਬਾਣੀ 'ਚ ਪ੍ਰਕਾਸ਼ਿਤ ਸਮੱਗਰੀ ਅਤੇ ਹੋਰ ਵਾਦ-ਵਿਵਾਦ ਸੰਬੰਧੀ ਕੇਸਾ ਦਾ ਨਿਪਟਾਰਾ ਸਿਰਫ਼ ਜਲੰਧਰ ਕੋਰਟ ਵਿਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ ਖ਼ਬਰਾਂ ਪ੍ਰਤੀ ਜੁਮੇਵਾਰੀ ਸੰਬੰਧਤ ਪੱਤਰਕਾਰ ਦੀ ਹੋਵੇਗੀ।

Daily Lok Bani (Punjabi) R.N.I. Punpun 29016,2008 Edior, Owner, Printer, Publisher, Amandeep Mehra Printed at Rachna Printers, Railway Road Jalandhar Place of Publication : 308 Sangam complex Milap Chowk, Jalandhar (India) , Contect No. : 0181-2211009, Fax : 2211009 , Email Id : lokbani08@gmail.com ,



**ਅਮਨਦੀਪ ਮਹਿਰਾ**
ਮੁੱਖ ਸੰਪਾਦਕ ਰੋਜ਼ਾਨਾ ਲੋਕ ਬਾਣੀ ਜਲੰਧਰ



**ਅੰਮ੍ਰਿਤਪਾਲ ਸਿੰਘ**
ਐਡਵੋਕੇਟ, ਸਬ-ਅਡੀਟਰ ਰੋਜ਼ਾਨਾ ਲੋਕ ਬਾਣੀ



**ਕੁਲਵੰਤ ਰਾਏ**
ਮੈਨੇਜਿੰਗ ਡਾਇਰੈਕਟਰ ਰੋਜ਼ਾਨਾ ਲੋਕ ਬਾਣੀ



**ਵਿਨੈਪਾਲ ਸਿੰਘ**
ਉਪ ਸੰਪਾਦਕ, ਰੋਜ਼ਾਨਾ ਲੋਕ ਬਾਣੀ



**ਹਰਬੰਸ ਸਿੰਘ ਬਿੱਟੂ**
ਪੱਤਰਕਾਰ ਜਲੰਧਰ, ਰੋਜ਼ਾਨ ਲੋਕ ਬਾਣੀ



**ਭੁਪਿੰਦਰ ਸਿੰਘ**
ਸਲਾਹਕਾਰ ਰੋਜਾਨਾ ਲੋਕ ਬਾਣੀ



**ਵਰਿੰਦਰ ਕੁਮਾਰ**
ਵੀਡੀਓ ਵਿਭਾਗ ਇੰਚਾਰਜ ਰੋਜ਼ਾਨਾ ਲੋਕ ਬਾਣੀ



**ਸੁਖਚੈਨ ਮਹਿਰਾ**
ਮਾਲਵਾ ਬਿਓਰੋ ਰੋਜ਼ਾਨਾ ਲੋਕ ਬਾਣੀ



**ਡਾ. ਰਮੇਸ਼ ਕੁਮਾਰ**
ਸਲਾਹਕਾਰ ਰੋਜ਼ਾਨਾ ਲੋਕ ਬਾਣੀ



**ਨਵਨੀਤ ਕੁਮਾਰ**
ਇੰਚਾਰਜ਼ ਪੰਜਾਬ ਰੋਜ਼ਾਨਾ ਲੋਕ ਬਾਣੀ



**ਰਜਿੰਦਰ ਕੁਮਾਰ**
ਸੀਨੀਅਰ ਚੀਫ ਫੋਟੋਗ੍ਰਾਫਰ ਜਲੰਧਰ

**SHAHEED BABA NIHAL SINGH CHARITABLE HOSPITAL**
Near Gurudwara Talhan, VPO-Talhan, Distt. Jalandhar, Ph. 0181-277080

Ambulance Service 24hrs.

FACILITIES AVAILABLE
I.C.C.U. (Intensive Cardiac Care Unit), Indoor Facies Ultrasound Scan, Gyane & Obstetrical Operations, Surgierles, Neonatal ICU (Incubator Phototherapy) Well Equipped Laboratory, Nebulizer for Asthma Patients, Ortho & Spine Surgeon, Special Clinic for Skin & V.D., SIDS & HIV Patients, ECG, Dental Facilites, Eye Operations

Free Medicine for 9am to 5pm

जय भवानी
जय मस्तां दी
जय शिव शंकर
**संकट मोचन दरबार**
जो आवे सो राजी जावे
Mob.: 98151-01551
39-A, SHANKER GARDEN, NEAR INCOME TAX COLONY, JALANDHAR
E-mail: luckchanger@consultant.com




**DIPS IMT**
DIPS INSTITUTE OF MANAGEMENT & TECHNOLOGY
DIPS INSTITUTIONS CHAIN OF DIPS INSTITUTIONS KNOWLEDGE IS POWER
RAMNEEK AVENUE, PATHANKOT BYE PASS JALANDHAR CITY
www.dipsimt@gmail.com | dipsimt@gmail.com
CONTACT : 95010-00697, 97806-0099